SWITCH INSURANCE
AUTO, HOME & COMMERCIAL
Commercial Vehicle Insurance
Commercial Property Insurance
Commercial General Liability (CGL)
Rental Property
905-965-7474
www.SwitchInsurance.ca
7900 Hurontario St Suite 308, Brampton, ON L6Y 0P6

ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

JOSHI LAW OFFICE
Barrister, Solicitor & Notary Public
Immigration
Real Estate
Commercial Law
Affidavit
Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

To view our online newspaper visit punjabipost.ca/epaper | Vol 22* Issue 199 | Tuesday, October 31, 2023 | Tel: 905-793-2202 | Fax: 905-793-2282 | news@punjabipost.ca | ਤੁਸੀਂ 'ਪੰਜਾਬੀ ਪੋਸਟ' Onlineਰੋਜ਼ਾਨਾ ਪੜ੍ਹ ਸਕਦੇ ਹੋ

## ਕਾਰਬਨ ਪ੍ਰਾਈਸਿੰਗ ਪਲੈਨ ਦੇ ਮੁੱਦੇ ਉੱਤੇ ਪੌਲੀਐਵਰ ਨੇ ਲਿਬਰਲਾਂ ਨੂੰ ਘੇਰਿਆ



ਓਟਵਾ, 30 ਅਕਤੂਬਰ (ਪੋਸਟ ਬਿਊਰੋ) : ਲਿਬਰਲਾਂ ਦੇ ਕਾਰਬਨ ਪ੍ਰਾਈਸਿੰਗ ਪਲੈਨ ਦਾ ਮੁੱਦਾ ਸੋਮਵਾਰ ਨੂੰ ਪਾਰਲੀਆਮੈਂਟ ਵਿੱਚ ਛਾਇਆ ਰਿਹਾ।

ਕੰਜ਼ਰਵੇਟਿਵ ਆਗੂ ਪਿਏਰ ਪੌਲੀਐਵਰ ਨੇ ਆਖਿਆ ਕਿ ਪ੍ਰਧਾਨ ਮੰਤਰੀ ਵੱਲੋਂ ਕੁੱਝ ਲੋਕਾਂ ਲਈ ਕਾਰਬਨ ਟੈਕਸ, ਕੁੱਝ ਫਿਊਲਜ਼ ਉੱਤੇ ਕੁੱਝ ਅਰਸੇ ਲਈ ਛੋਟ ਦੇਣ ਦਾ ਜਿਹੜਾ ਐਲਾਨ ਕੀਤਾ ਗਿਆ ਹੈ ਉਹ ਹਜ਼ਮ ਨਹੀਂ ਹੋ ਰਿਹਾ। ਇੱਥੇ ਹੀ ਬੱਸ ਨਹੀਂ ਪ੍ਰਧਾਨ ਮੰਤਰੀ ਨੇ ਇਹ ਮੰਨਿਆ ਵੀ ਹੈ ਕਿ ਇਹ ਵਧੀਆ ਪਲੈਨ ਨਹੀਂ ਹੈ। ਇਸ ਤੋਂ ਵੀ ਇੱਕ ਕਦਮ ਅਗਾਂਹ ਲਿਬਰਲਾਂ ਦੇ ਰੂਰਲ ਅਫੇਅਰਜ਼ ਮੰਤਰੀ ਦਾ ਕਹਿਣਾ ਹੈ ਕਿ ਸਾਰੇ ਕੈਨੇਡੀਅਨਜ਼ ਨੂੰ ਇਹ ਫਾਇਦਾ ਮਿਲ ਸਕਦਾ ਸੀ ਪਰ ਇਹ ਇਸ ਲਈ ਨਹੀਂ ਮਿਲ ਰਿਹਾ ਕਿਉਂਕਿ ਉਨ੍ਹਾਂ ਨੇ ਲਿਬਰਲਾਂ ਨੂੰ ਨਹੀਂ ਚੁਣਿਆ।

ਪੌਲੀਐਵਰ ਨੇ ਲਿਬਰਲਾਂ ਨੂੰ ਲੰਮੇਂ ਹੱਥੀਂ ਲੈਂਦਿਆਂ ਆਖਿਆ ਕਿ ਹੁਣ ਸਾਨੂੰ ਵੱਖ ਵੱਖ ਹਲਕਿਆਂ ਵਿੱਚ ਵੱਖ ਵੱਖ ਟੈਕਸ ਰੇਟ ਇਸ ਹਿਸਾਬ ਨਾਲ ਮਿਲਣਗੇ, ਜਿਸ ਹਿਸਾਬ ਨਾਲ ਲੋਕ ਵੋਟ ਕਰਦੇ ਹਨ। ਉਨ੍ਹਾਂ ਆਖਿਆ ਕਿ ਇਹ ਸਮਝ ਤੋਂ ਪਾਰ ਹੈ ਕਿ ਜਿਨ੍ਹਾਂ ਕਮਿਊਨਿਟੀਜ਼ ਨੂੰ ਹੱਢ ਜਮਾਂ ਦੇਣ ਵਾਲੇ ਸਿਆਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ ਉਨ੍ਹਾਂ ਨੂੰ ਟੈਕਸਾਂ ਵਿੱਚ ਅਜਿਹੀ ਛੋਟ ਕਿਉਂ ਨਹੀਂ ਮਿਲੇਗੀ? ਅਜਿਹਾ ਇਸ ਲਈ ਹੈ ਕਿਉਂਕਿ ਉੱਥੋਂ ਦੇ ਲਿਬਰਲ ਐਮਪੀ ਬੇਕਾਰ ਹਨ?

ਇਸ ਉੱਤੇ ਐਨਰਜੀ ਐਂਡ ਨੈਚੂਰਲ ਰਿਸੋਰਸਿਜ਼ ਮੰਤਰੀ ਜੌਨਾਥਨ ਵਿਲਕਿੰਸਨ ਨੇ ਆਖਿਆ ਕਿ ਇਸ ਸਮੇਂ ਸਾਨੂੰ ਅਫੋਰਡੇਬਿਲਿਟੀ ਵਰਗੇ ਮੁੱਦੇ ਦੇ ਨਾਲ ਨਾਲ ਦੇਸ਼ ਭਰ ਵਿੱਚ ਕਲਾਈਮੇਟ ਚੇਂਜ ਵਰਗੇ ਮੁੱਦੇ ਨਾਲ ਵੀ ਲੜਨਾ ਪੈ ਰਿਹਾ ਹੈ। ਹੀਟ ਪੰਪ ਪ੍ਰੋਗਰਾਮ ਦੇਸ਼ ਭਰ ਵਿੱਚ ਲਾਗੂ ਹੈ।

ਜ਼ਿਕਰਯੋਗ ਹੈ ਕਿ ਐਤਵਾਰ ਨੂੰ ਪੌਲੀਐਵਰ ਨੇ ਪ੍ਰਧਾਨ ਮੰਤਰੀ ਨੂੰ ਲਿਖੇ ਖੁੱਲ੍ਹੇ ਪੱਤਰ ਵਿੱਚ ਇਹ ਆਖਿਆ ਸੀ ਕਿ ਸਿਆਲਾਂ ਦੇ ਹੀਟ ਬਿੱਲ ਕੈਨੇਡੀਅਨਜ਼ ਕੋਲ ਪਹੁੰਚਣ ਤੋਂ ਪਹਿਲਾਂ ਸਾਰੇ ਤਰ੍ਹਾਂ ਦੇ ਕਾਰਬਨ ਟੈਕਸ ਨੂੰ ਹਟਾਉਣ ਲਈ ਜੇ ਉਹ ਐਮਰਜੰਸੀ ਬਿੱਲ ਲੈ ਕੇ ਆਉਂਦੇ ਹਨ ਤਾਂ ਉਨ੍ਹਾਂ ਦੇ ਕਾਕਸ ਦਾ ਪੂਰਾ ਸਮਰਥਨ ਉਨ੍ਹਾਂ ਨੂੰ ਮਿਲੇਗਾ।

## ਹਥਿਆਰਬੰਦ ਡਾਕੇ ਤੋਂ ਬਾਅਦ 15 ਸਾਲਾ ਲੜਕੇ ਨੂੰ ਕੀਤਾ ਗਿਆ ਗ੍ਰਿਫਤਾਰ, 3 ਹੋਰ ਮਸ਼ਕੂਕਾਂ ਦੀ ਭਾਲ



ਹੈਮਿਲਟਨ, 30 ਅਕਤੂਬਰ (ਪੋਸਟ ਬਿਊਰੋ) : ਵੀਕੈਂਡ ਉੱਤੇ ਹੈਮਿਲਟਨ ਵਿੱਚ ਮਾਰੇ ਗਏ ਹਥਿਆਰਬੰਦ ਡਾਕੇ ਤੋਂ ਬਾਅਦ ਇੱਕ 15 ਸਾਲਾ ਲੜਕੇ ਨੂੰ ਗ੍ਰਿਫਤਾਰ ਕੀਤਾ ਗਿਆ ਹੈ ਤੇ ਤਿੰਨ ਹੋਰ ਮਸ਼ਕੂਕਾਂ ਦੀ ਭਾਲ ਕੀਤੀ ਜਾ ਰਹੀ ਹੈ।

ਪੁਲਿਸ ਨੇ ਦੱਸਿਆ ਕਿ ਐਤਵਾਰ ਨੂੰ ਸ਼ਾਮੀਂ 6:30 ਵਜੇ ਦੇ ਨੇੜੇ ਤੇੜੇ ਇੱਕ ਕਾਲੇ ਰੰਗ ਦੀ ਲਿੰਕਨ ਨੈਵੀਗੇਟਰ ਗਾਰਥ ਸਟਰੀਟ ਤੇ ਟਵੈਂਟੀ ਰੋਡ ਇਲਾਕੇ ਵਿੱਚ ਜਾ ਰਹੀ ਸੀ ਜਦੋਂ ਇੱਕ ਟੁੱਟੀ ਭੱਜੀ ਚਿੱਟੇ ਰੰਗ ਦੀ ਮਰਸਡੀਜ਼ ਨੇ ਉਸ ਦਾ ਰਾਹ ਰੋਕ ਲਿਆ। ਪ੍ਰਾਪਤ ਜਾਣਕਾਰੀ ਅਨੁਸਾਰ ਚਾਰ ਮਸ਼ਕੂਕ ਮਰਸਡੀਜ਼ ਵਿੱਚੋਂ ਨਿਕਲੇ ਤੇ ਉਨ੍ਹਾਂ ਨੇ ਲਿੰਕਨ ਨੈਵੀਗੇਟਰ ਵਿੱਚ ਸਵਾਰ ਲੋਕਾਂ ਨਾਲ ਕੁੱਟਮਾਰ ਕੀਤੀ ਤੇ ਉਨ੍ਹਾਂ ਨੂੰ ਧੱਕੇ ਨਾਲ ਗੱਡੀ ਵਿੱਚੋਂ ਬਾਹਰ ਕੱਢ ਕੇ ਐਸਯੂਵੀ ਲੈ ਕੇ ਫਰਾਰ ਹੋ ਗਏ। ਲਿੰਕਨ ਨੈਵੀਗੇਟਰ ਵਿੱਚ ਸਵਾਰ ਸਾਰੇ ਲੋਕ ਜ਼ਖ਼ਮੀ ਹੋ ਗਏ ਪਰ ਪੁਲਿਸ ਨੇ ਆਖਿਆ ਕਿ ਉਨ੍ਹਾਂ ਵਿੱਚੋਂ ਕਿਸੇ ਦੀ ਹਾਲਤ ਵੀ ਗੰਭੀਰ ਨਹੀਂ ਹੈ।

ਹੈਮਿਲਟਨ ਪੁਲਿਸ ਨੇ ਦੱਸਿਆ ਕਿ ਇਸ ਡਾਕੇ ਦੇ ਸਬੰਧ ਵਿੱਚ ਇੱਕ 15 ਸਾਲਾ ਲੜਕੇ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਉਸ ਨੂੰ ਕਈ ਚਾਰਜਿਜ਼ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਡਾਕਾ ਮਾਰੇ ਜਾਣ ਤੋਂ ਕੁੱਝ ਦੇਰ ਬਾਅਦ ਹੀ ਚੋਰੀ ਦੀ ਲਿੰਕਨ ਨੈਵੀਗੇਟਰ ਖਾਲੀ ਖੜ੍ਹੀ ਮਿਲ ਗਈ। ਚਿੱਟੇ ਰੰਗ ਦੀ ਮਰਸਡੀਜ਼, ਜਿਸ ਨੂੰ ਇਸ ਕਾਰਜੈਕਿੰਗ ਸਮੇਂ ਮੌਕੇ ਉੱਤੇ ਛੱਡ ਦਿੱਤਾ ਗਿਆ ਸੀ, ਬਾਰੇ ਪਤਾ ਲੱਗਿਆ ਕਿ ਉਹ ਹੈਮਿਲਟਨ ਏਰੀਆ ਤੋਂ ਚੋਰੀ ਕੀਤੀ ਗਈ ਸੀ। ਪੁਲਿਸ ਵੱਲੋਂ ਪੁਸ਼ਟੀ ਕੀਤੀ ਗਈ ਕਿ ਮੌਕੇ ਤੋਂ ਹਥਿਆਰ ਵੀ ਬਰਾਮਦ ਹੋਇਆ। ਜਾਂਚਕਾਰ ਤਿੰਨ ਮਸ਼ਕੂਕਾਂ ਦੀ ਭਾਲ ਕਰ ਰਹੇ ਹਨ। ਇਨ੍ਹਾਂ ਵਿੱਚੋਂ ਕਿਸੇ ਦਾ ਵੀ ਵੇਰਵਾ ਮੁਹੱਈਆ ਨਹੀਂ ਕਰਵਾਇਆ ਗਿਆ।

## ਸ਼ੂਟਿੰਗ ਵਿੱਚ ਇੱਕ ਹਲਾਕ

ਮਿਸੀਸਾਗਾ, 30 ਅਕਤੂਬਰ (ਪੋਸਟ ਬਿਊਰੋ) : ਐਤਵਾਰ ਸਵੇਰੇ ਮਿਸੀਸਾਗਾ ਵਿੱਚ ਗੋਲੀ ਚੱਲਣ ਤੋਂ ਬਾਅਦ ਇੱਕ ਵਿਅਕਤੀ ਦੀ ਮੌਤ ਹੋ ਗਈ।

ਪੀਲ ਪੁਲਿਸ ਨੂੰ ਗੋਰਵੇਅ ਤੇ ਮੌਰਨਿੰਗਸਟਾਰ ਡਰਾਈਵਜ਼ ਉੱਤੇ ਅੱਧੀ ਰਾਤ ਤੋਂ ਬਾਅਦ ਸੱਦਿਆ ਗਿਆ। ਜ਼ਖ਼ਮੀ ਵਿਅਕਤੀ ਨੂੰ ਮੌਕੇ ਉੱਤੇ ਹੀ ਮ੍ਰਿਤਕ ਐਲਾਨ ਦਿੱਤਾ ਗਿਆ। ਮਾਮਲੇ ਦੀ ਜਾਂਚ ਹੋਮੀਸਾਈਡ ਬਿਊਰੋ ਨੇ ਆਪਣੇ ਹੱਥਾਂ ਵਿੱਚ ਲੈ ਲਈ ਹੈ।

ਪੁਲਿਸ ਨੇ ਆਖਿਆ ਕਿ ਇਹ ਸ਼ੂਟਿੰਗ ਆਪਣੀ ਕਿਸਮ ਦਾ ਇੱਕਲਾ ਮਾਮਲਾ ਸੀ ਤੇ ਇਸ ਨਾਲ ਜਨਤਕ ਸੇਫਟੀ ਨੂੰ ਕੋਈ ਖਤਰਾ ਨਹੀਂ ਹੈ। ਅਜੇ ਤੱਕ ਕਿਸੇ ਮਸ਼ਕੂਕ ਸਬੰਧੀ ਕੋਈ ਜਾਣਕਾਰੀ ਜਾਰੀ ਨਹੀਂ ਕੀਤੀ ਗਈ।

## 2 ਬਜ਼ੁਰਗਾਂ ਨੂੰ ਗੱਡੀ ਨੇ ਮਾਰੀ ਟੱਕਰ, ਇੱਕ ਦੀ ਹਾਲਤ ਨਾਜ਼ੁਕ




ਟੋਰਾਂਟੋ, 30 ਅਕਤੂਬਰ (ਪੋਸਟ ਬਿਊਰੋ) : ਸੋਮਵਾਰ ਸਵੇਰੇ ਟੋਰਾਂਟੋ ਦੇ ਪੱਛਮੀ ਸਿਰੇ ਉੱਤੇ ਇੱਕ ਗੱਡੀ ਵੱਲੋਂ ਟੱਕਰ ਮਾਰੇ ਜਾਣ ਕਾਰਨ ਦੋ ਬਜ਼ੁਰਗ ਜ਼ਖ਼ਮੀ ਹੋ ਗਏ। ਇਨ੍ਹਾਂ ਵਿੱਚੋਂ ਇੱਕ ਦੀ ਹਾਲਤ ਨਾਜ਼ੁਕ ਹੈ।

ਇੱਕ ਗੱਡੀ ਵੱਲੋਂ ਦੋ ਵਿਅਕਤੀਆਂ ਨੂੰ ਟੱਕਰ ਮਾਰੇ ਜਾਣ ਦੀ ਜਾਣਕਾਰੀ ਦੇ ਕੇ ਐਮਰਜੰਸੀ ਅਮਲੇ ਨੂੰ ਸਵੇਰੇ 10:15 ਉੱਤੇ ਡਫਰਿਨ ਸਟਰੀਟ ਤੇ ਰਿਡੇਲ ਐਵਨਿਊ ਇਲਾਕੇ ਵਿੱਚ ਸੱਦਿਆ ਗਿਆ। ਟੋਰਾਂਟੋ ਪੁਲਿਸ ਨੇ ਦੱਸਿਆ ਕਿ ਦੋ ਰਾਹਗੀਰ, ਜਿਨ੍ਹਾਂ ਦੀ ਉਮਰ 84 ਤੇ 79 ਸਾਲ ਸੀ, ਰਿਡੇਲ ਐਵਨਿਊ ਉੱਤੇ ਡਫਰਿਨ ਸਟਰੀਟ ਪਾਰ ਕਰਨ ਦੀ ਕੋਸ਼ਿਸ਼ ਕਰ ਰਹੇ ਸਨ ਜਦੋਂ ਇੰਟਰਸੈਕਸ਼ਨ ਦੇ ਦੱਖਣ ਵੱਲ ਟੋਇਟਾ ਪਿੱਕਅੱਪ ਟਰੱਕ ਦੇ ਡਰਾਈਵਰ ਨੇ ਦੋਵਾਂ ਨੂੰ ਟੱਕਰ ਮਾਰ ਦਿੱਤੀ।

84 ਸਾਲਾ ਵਿਅਕਤੀ ਨੂੰ ਗੰਭੀਰ ਹਾਲਤ ਵਿੱਚ ਹਸਪਤਾਲ ਲਿਜਾਇਆ ਗਿਆ। ਉਸ ਦੀ ਹਾਲਤ ਨਾਜ਼ੁਕ ਦੱਸੀ ਜਾਂਦੀ ਹੈ, ਦੂਜੇ ਵਿਅਕਤੀ ਨੂੰ ਵੀ ਹਸਪਤਾਲ ਲਿਜਾਇਆ ਗਿਆ ਪਰ ਉਸ ਦੀ ਹਾਲਤ ਖਤਰੇ ਤੋਂ ਬਾਹਰ ਹੈ। ਪਿੱਕਅੱਪ ਟਰੱਕ ਦਾ 66 ਸਾਲਾ ਵਿਅਕਤੀ ਮੌਕੇ ਉੱਤੇ ਹੀ ਮੌਜੂਦ ਰਿਹਾ। ਜਾਂਚ ਲਈ ਕੁੱਝ ਸਮੇਂ ਵਾਸਤੇ ਸੜਕਾਂ ਬੰਦ ਕੀਤੀਆਂ ਗਈਆਂ ਸਨ ਪਰ ਬਾਅਦ ਵਿੱਚ ਇਨ੍ਹਾਂ ਨੂੰ ਖੋਲ੍ਹ ਦਿੱਤਾ ਗਿਆ।

## ਬ੍ਰੈਸਟ ਕੈਂਸਰ ਸਕਰੀਨਿੰਗ ਲਈ ਉਮਰ 50 ਤੋਂ ਘਟਾ ਕੇ ਕੀਤੀ ਜਾਵੇਗੀ 40



ਓਨਟਾਰੀਓ, 30 ਅਕਤੂਬਰ (ਪੋਸਟ ਬਿਊਰੋ) : ਓਨਟਾਰੀਓ ਵਿੱਚ ਬ੍ਰੈਸਟ ਕੈਂਸਰ ਲਈ ਸਕਰੀਨਿੰਗ ਕਰਵਾਉਣ ਦੀ ਉਮਰ 50 ਤੋਂ ਘਟਾ ਕੇ 40 ਸਾਲ ਕੀਤੀ ਜਾ ਰਹੀ ਹੈ। ਸਿਹਤ ਮੰਤਰੀ ਸਿਲਵੀਆ ਜੋਨਜ਼ ਦਾ ਕਹਿਣਾ ਹੈ ਕਿ ਇਸ ਨਾਲ ਕੈਂਸਰ ਦਾ ਜਲਦ ਪਤਾ ਲਾਉਣ ਵਿੱਚ ਮਦਦ ਮਿਲੇਗੀ।

ਇਸ ਸਬੰਧ ਵਿੱਚ ਜੋਨਜ਼ ਵੱਲੋਂ ਅੱਜ ਦੇਰ ਨਾਲ ਐਲਾਨ ਕੀਤੇ ਜਾਣ ਦੀ ਸੰਭਾਵਨਾ ਹੈ। ਉਨ੍ਹਾਂ ਆਖਿਆ ਕਿ ਇਸ ਤੋਂ ਭਾਵ ਹੋਵੇਗਾ ਕਿ ਪ੍ਰੋਵਿੰਸ ਵਿੱਚ ਹਰ ਸਾਲ 130,000 ਵਾਧੂ ਮੈਮੋਗ੍ਰਾਮਜ਼ ਪੂਰੇ ਹੋਇਆ ਕਰਨਗੇ। ਇਹ ਕਦਮ ਯੂਐਸ ਪ੍ਰਿਵੈਂਟਿਵ ਸਰਵਿਸਿਜ਼ ਟਾਸਕ ਫੋਰਸ ਵੱਲੋਂ ਇਸ ਸਾਲ ਦੇ ਸ਼ੁਰੂ ਵਿੱਚ ਕੀਤੀ ਗਈ ਸਿਫਾਰਿਸ਼ ਤੋਂ ਬਾਅਦ ਚੁੱਕਿਆ ਜਾ ਰਿਹਾ ਹੈ। ਇਸ ਵਿੱਚ ਆਖਿਆ ਗਿਆ ਸੀ ਕਿ ਕੈਨੇਡਾ ਵਿੱਚ ਸਕਰੀਨਿੰਗ 50 ਦੀ ਥਾਂ 40 ਸਾਲ ਦੀ ਉਮਰ ਵਿੱਚ ਸ਼ੁਰੂ ਹੋਣੀ ਚਾਹੀਦੀ ਹੈ ਕਿਉਂਕਿ ਸਬੂਤ ਦੱਸਦੇ ਹਨ ਕਿ ਇਸ ਨਾਲ ਮੌਤਾਂ ਵਿੱਚ ਗਿਰਾਵਟ ਆਈ ਹੈ।

ਓਨਟਾਰੀਓ ਵਿੱਚ ਇਹ ਤਬਦੀਲੀ ਆਉਣ ਦਾ ਮਤਲਬ ਹੋਵੇਗਾ ਕਿ 2024 ਦੇ ਅੰਤ ਵਿੱਚ ਸ਼ੁਰੂ ਕਰਕੇ ਯੋਗ ਮਹਿਲਾਵਾਂ, ਨੌਨ ਬਾਇਨਰੀ ਲੋਕਾਂ, ਟਰਾਂਸ ਆਦਿ ਦਰਮਿਆਨ 40 ਤੋਂ 74 ਸਾਲਾਂ ਦੇ ਲੋਕ ਹਰ ਦੋ ਸਾਲਾਂ ਵਿੱਚ ਇੱਕ ਵਾਰੀ ਖੁਦ ਨੂੰ ਸਕਰੀਨਿੰਗ ਲਈ ਰੈਫਰ ਕਰ ਸਕਣਗੇ।

## ਤਿੰਨ ਗੱਡੀਆਂ ਦੀ ਟੱਕਰ ਵਿੱਚ ਇੱਕ ਜ਼ਖ਼ਮੀ



ਓਨਟਾਰੀਓ, 30 ਅਕਤੂਬਰ (ਪੋਸਟ ਬਿਊਰੋ) : ਐਤਵਾਰ ਸ਼ਾਮ ਨੂੰ ਸਕਾਰਬਰੋ ਵਿੱਚ ਤਿੰਨ ਗੱਡੀਆਂ ਦੀ ਟੱਕਰ ਵਿੱਚ ਇੱਕ ਵਿਅਕਤੀ ਜ਼ਖ਼ਮੀ ਹੋ ਗਿਆ ਜਿਸ ਨੂੰ ਇਲਾਜ ਲਈ ਹਸਪਤਾਲ ਲਿਜਾਇਆ ਗਿਆ।

ਇਹ ਹਾਦਸਾ ਮੈਕੌਵਨ ਤੇ ਕਿੰਗਸਟਨ ਰੋਡਜ਼ ਦੇ ਇੰਟਰਸੈਕਸ਼ਨ ਉੱਤੇ ਹੋਇਆ। ਟੋਰਾਂਟੋ ਪੁਲਿਸ ਨੇ ਦੱਸਿਆ ਕਿ ਉਨ੍ਹਾਂ ਨੂੰ ਰਾਤੀਂ 8:08 ਵਜੇ ਘਟਨਾ ਦੀ ਜਾਣਕਾਰੀ ਦੇ ਕੇ ਮੌਕੇ ਉੱਤੇ ਸੱਦਿਆ ਗਿਆ। ਪੁਲਿਸ ਨੇ ਦੱਸਿਆ ਕਿ ਜ਼ਖ਼ਮੀ ਵਿਅਕਤੀ ਦੀ ਹਾਲਤ ਸਥਿਰ ਹੈ ਤੇ ਉਸ ਨੂੰ ਜਾਨਲੇਵਾ ਸੱਟਾਂ ਨਹੀਂ ਲੱਗੀਆਂ ਹਨ। ਪੁਲਿਸ ਵੱਲੋਂ ਕੀਤੀ ਜਾ ਰਹੀ ਜਾਂਚ ਕਾਰਨ ਇਸ ਇਲਾਕੇ ਦੀਆਂ ਸੜਕਾਂ ਨੂੰ ਬੰਦ ਰੱਖਿਆ ਗਿਆ ਹੈ।

NOW HIRING !!!
ALLKIND INSURANCE
Life Insurance • Critical illness Ins • Travel & Visitor Ins • RESP & TFSA & RRSP
Super Visa Insurance • Mortgage Insurance • Disability Insurance • Funeral Insurance
SIMRAN SAINI 416.994.7272
www.allkindinsurance.com

Allstate. You're in good hands.
Insurance
Shawn Budwal, Allstate Sales Agent, Waterdown Agency, 94 Dundas Street East, Unit 3, 289-678-4024, sbudwal@allstate.ca

PEST PROBLEM ? Residential & Commercial
All Pest Control
100% Customer Satisfaction
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc. Residential, Commercial www.ksgpestcontrol.ca ksgpestcontrol@gmail.com
Amarjeet Singh Gill

Law Office of Aman Sharma
Real Estate - Commercial Lease - Business Purchase & Sale - Notarizations & Affidavits - Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6, Brampton, ON, L6P 3W4
Aman Sharma, Open Saturday
Providing excellent quality legal services to our clients

MagGas Medical Brampton
MGM MagGas Medical Inc.
CPAP machines, masks and supplies • Free consultations • 30 day mask exchange • Free deliveries
(647) 954-9885
20 Maritime Ont Blvd Unit 15, Brampton, ON L6S 0C2

SUPER VISA INSURANCE EXPERTS
Punjab Insurance Inc
RANJIT GILL, Insurance Advisor
Ph: 416.724.5000
Disability Insurance • Mortgage Insurance • Life Insurance • Visitor & Travel Insurance • RESP(Education Plan) • Critical Illness Insurance
7003 Steeles Ave. W, Unit 10, Etobicoke, ON, M9W 0A2
gill@punjabinsurance.ca  topinsuranceservices.ca

Royal Pest Control
Residential Commercial Industrial
Specialist in Bedbugs Service
All Pest Control : Mouse & Rats • Spiders & Fleas • Bedbugs • Wasps • Cockroaches • Carpenter Ants • Silver Fish • Racoons
Call : PARESH PATEL 416 938 4598

INSURANCE
Home • Auto • Business • Trucking • Life Insurance • Commercial
647-206-2452 Sukhwinder K Singh
CONNEX 7050A Bramalea Rd, Unit # 13, Mississauga, ON L5S 1T1

AUTO & HOME INSURANCE
Super visa Insurance • Life & Disability • Critical illness • RESP • Visitor & Travel insurance
(416-845-1352)
Manwinder Mangat, Broker
Aaxel InsuranceBrokers Ltd. 1332 Khalsa Dr, Unit # 11, Mississauga

HELPING YOU PLAN TODAY...FOR TOMORROW
Supervisa / Visitor Insurance • Life /Mortgage/Funeral Insurance • Disability Insurance • Critical Illness Insurance • RESP /RRSP
JATINDERBIR S BAJWA, Insurance Broker
Dir: 647-928-4990
www.ufsinsurance.com
# 25-831 Bovaird Dr. W. Brampton, ON L6X0T9

KELLEY LAW OFFICE
Immigration • Real Estate • Family Law • Business Closing • Corporate • Wills & Estate • Power of Attorney/Affidavit /Attestations
www.kelleylawoffice.ca | info@kelleylawoffice.ca
1200 Derry Road E, #15, Mississauga, ON L5T 0B3
Shinder Kelley 905-362-0755

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
ਪਾਵਰ ਆਫ ਸੇਲ ਨੋਟਿਸ ?
ਗਾਰਨਿਸ਼ਮੈਂਟ?
ਬੈਂਕ ਵਲੋਂ ਪੈਸੇ ਦੀ ਮੰਗ ?
ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available 1888 864 3131
Jasbir Singh Hundal, Qualified Credit Counsellor
www.MakeMeDebtFree.ca 416-502-3100
Unit #20 - 7015 Tranmere Drive Mississauga, ON L5S 1T7

CN Forklift Training Center
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan, Certified Instructor

PROTECT YOUR HOME FROM PESTS
Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu, Certified & Licenced Exterminator
BED BUG MATTRESS COVER ALSO AVAILABLE
A-Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
AvonFinancial
Harpreet Singh Goraya, Principal Broker
831 Bovaird Dr. West, Unit 25, Brampton, ON L6X 0T9 Fax : 905-216-0392

MANN LAW FIRM
Real Estate Law • Business Law • Wills & Estates • Family Law • Power of Attorney • Civil Litigation • Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

# ਛੁਰੇਬਾਜ਼ੀ ਵਿੱਚ ਮਹਿਲਾ ਜ਼ਖ਼ਮੀ, ਮਸ਼ਕੂਕ ਫਰਾਰ




ਟੋਰਾਂਟੋ, 30 ਅਕਤੂਬਰ (ਪੋਸਟ ਬਿਊਰੋ) : ਸਿਟੀ ਦੇ ਡਾਊਨਟਾਊਨ ਵਿੱਚ ਇੱਕ ਮਹਿਲਾ ਨੂੰ ਚਾਕੂ ਮਾਰ ਕੇ ਜ਼ਖ਼ਮੀ ਕਰਨ ਵਾਲੇ ਮਸ਼ਕੂਕ ਦੀ ਟੋਰਾਂਟੋ ਪੁਲਿਸ ਵੱਲੋਂ ਭਾਲ ਕੀਤੀ ਜਾ ਰਹੀ ਹੈ।

ਛੁਰੇਬਾਜ਼ੀ ਦੀ ਰਿਪੋਰਟ ਦੇ ਕੇ ਸੋਮਵਾਰ ਨੂੰ ਸ਼ਾਮੀਂ 6:00 ਵਜੇ ਪੁਲਿਸ ਅਧਿਕਾਰੀਆਂ ਨੂੰ ਗ੍ਰੈਨਬੀ ਸਟਰੀਟ ਤੇ ਚਰਚ ਸਟਰੀਟ ਉੱਤੇ ਸੱਦਿਆ ਗਿਆ। ਟੋਰਾਂਟੋ ਪੈਰਾਮੈਡਿਕਸ ਨੇ ਦੱਸਿਆ ਕਿ ਉਨ੍ਹਾਂ ਨੂੰ ਛੁਰੇਬਾਜ਼ੀ ਕਾਰਨ ਮਹਿਲਾ ਜ਼ਖ਼ਮੀ ਹਾਲਤ ਵਿੱਚ ਮਿਲੀ ਤੇ ਉਸ ਨੂੰ ਗੰਭੀਰ ਪਰ ਸਥਿਰ ਹਾਲਤ ਵਿੱਚ ਟਰੌਮਾ ਸੈਂਟਰ ਲਿਜਾਇਆ ਗਿਆ। ਕਾਰੇ ਨੂੰ ਅੰਜਾਮ ਦੇਣ ਤੋਂ ਬਾਅਦ ਮਸ਼ਕੂਕ ਮੌਕੇ ਤੋਂ ਫਰਾਰ ਹੋ ਗਿਆ।

ਜ਼ਖ਼ਮੀ ਮਹਿਲਾ ਬਾਲਗ ਹੈ ਪਰ ਉਸ ਦੀ ਉਮਰ ਬਾਰੇ ਕੋਈ ਜਾਣਕਾਰੀ ਨਹੀਂ ਦਿੱਤੀ ਗਈ। ਇਸ ਸਮੇਂ ਇਸ ਮਾਮਲੇ ਦੇ ਹੋਰ ਵੇਰਵੇ ਹਾਸਲ ਨਹੀਂ ਹੋ ਸਕੇ ਹਨ।

# ਮਰਾਠਾ ਰਾਖਵਾਂਕਰਨ ਦੇ ਸਮਰਥਨ ਵਿਚ ਬੀਡ ਜ਼ਿਲ੍ਹੇ ਵਿਚ ਹਿੰਸਾ, ਲੱਗਾ ਕਰਫਿਊ, ਇੰਟਰਨੈਟ 'ਤੇ ਪਾਬੰਦੀ

ਮੁੰਬਈ, 30 ਅਕਤੂਬਰ (ਪੋਸਟ ਬਿਊਰੋ): ਮਹਾਰਾਸ਼ਟਰ 'ਚ ਮਰਾਠਾ ਭਾਈਚਾਰੇ ਨੂੰ ਰਾਖਵਾਂਕਰਨ ਦੇਣ ਦੀ ਮੰਗ ਦੇ ਸਮਰਥਨ 'ਚ ਬੀਡ ਜ਼ਿਲੇ ਦੇ ਵੱਖ-ਵੱਖ ਹਿੱਸਿਆਂ 'ਚ ਅੰਦੋਲਨ ਸ਼ੁਰੂ ਹੋ ਗਿਆ ਹੈ। ਹਿੰਸਾ ਤੋਂ ਬਾਅਦ ਬੀਡ ਜਿਲੇ ਵਿਚ ਹਿੰਸਾ ਹੋ ਗਈ ਤੇ ਕਰਫਿਊ ਲੱਗ ਗਿਆ ਹੈ ਅਤੇ ਇੰਟਰਨੈੱਟ 'ਤੇ ਵੀ ਪਾਬੰਦੀ ਹੈ।



ਇਸ ਸਬੰਧ ਵਿੱਚ ਗੇਵਰਾਈ ਵਿਧਾਨ ਸਭਾ ਹਲਕੇ ਦੇ ਵਿਧਾਇਕ ਲਕਸ਼ਮਣ ਪਵਾਰ ਦਾ ਬਿਆਨ ਸਾਹਮਣੇ ਆਇਆ ਹੈ। ਉਨ੍ਹਾਂ ਕਿਹਾ ਕਿ ਮਰਾਠਾ ਰਾਖਵਾਂਕਰਨ ਦਾ ਮੁੱਦਾ ਸਾਲਾਂ ਤੋਂ ਲਟਕਿਆ ਹੋਇਆ ਹੈ, ਵਿਧਾਨ ਸਭਾ ਦੇ ਸਪੀਕਰ ਰਾਹੁਲ ਨਾਰਵੇਕਰ ਨੂੰ ਪੱਤਰ ਭੇਜਿਆ ਗਿਆ ਹੈ, ਇਸ ਵਿੱਚ ਕਿਹਾ ਗਿਆ, "ਮਰਾਠਾ ਕੋਟੇ ਦਾ ਮੁੱਦਾ ਕਈ ਸਾਲਾਂ ਤੋਂ ਲਟਕਿਆ ਹੋਇਆ ਹੈ। ਮੈਂ ਮਰਾਠਾ ਭਾਈਚਾਰੇ ਦੀ ਮੰਗ ਨੂੰ ਆਪਣਾ ਸਮਰਥਨ ਦਿੰਦਾ ਹਾਂ। ਇਸ ਮੁੱਦੇ ਦਾ ਸਮਰਥਨ ਕਰਨ ਲਈ, ਮੈਂ ਆਪਣਾ ਅਸਤੀਫਾ ਦੇ ਰਿਹਾ ਹਾਂ।"

ਲਕਸ਼ਮਣ ਪਵਾਰ ਨੇ ਮਹਾਰਾਸ਼ਟਰ ਦੇ ਨਾਸਿਕ ਅਤੇ ਹਿੰਗੋਲੀ ਤੋਂ ਸ਼ਿਵ ਸੈਨਾ ਦੇ ਸੰਸਦ ਮੈਂਬਰਾਂ ਨੇ ਮਰਾਠਾ ਰਾਖਵੇਂਕਰਨ ਦੀ ਮੰਗ ਦੇ ਸਮਰਥਨ ਵਿੱਚ ਅਸਤੀਫਾ ਦਿੱਤਾ ਹੈ। ਕਾਰਕੁਨ ਮਨੋਜ ਜਾਰੰਗੇ ਦੀ ਅਗਵਾਈ ਵਿੱਚ ਮਰਾਠਾ ਭਾਈਚਾਰੇ ਦੇ ਮੈਂਬਰਾਂ ਨੇ ਸਰਕਾਰੀ ਨੌਕਰੀਆਂ ਅਤੇ ਵਿਦਿਅਕ ਅਦਾਰਿਆਂ ਵਿੱਚ ਰਿਜ਼ਰਵੇਸ਼ਨ ਲਈ ਦਬਾਅ ਪਾਉਣ ਲਈ ਅੰਦੋਲਨ ਦਾ ਇੱਕ ਨਵਾਂ ਦੌਰ ਸ਼ੁਰੂ ਕੀਤਾ ਹੈ। ਜਾਰੰਗੇ 25 ਅਕਤੂਬਰ ਤੋਂ ਜਾਲਨਾ ਜ਼ਿਲ੍ਹੇ ਦੇ ਇੱਕ ਪਿੰਡ ਵਿੱਚ ਅਣਮਿੱਥੇ ਸਮੇਂ ਲਈ ਮਰਨ ਵਰਤ 'ਤੇ ਹਨ। ਬੀਡ ਜ਼ਿਲੇ 'ਚ ਸੋਮਵਾਰ ਨੂੰ ਮਰਾਠਾ ਰਾਖਵਾਂਕਰਨ ਅੰਦੋਲਨ ਦੌਰਾਨ ਵੱਡੇ ਪੱਧਰ 'ਤੇ ਹਿੰਸਾ ਹੋਈ।

## ਅੱਜ ਨਾਮਾ >>

ਮਾਂ ਇੱਕ ਪਾਲਿਆ ਚਾਵਾਂ ਦੇ ਨਾਲ ਕਾਕਾ,
ਸਭ ਹੀ ਲੋਕ ਜਿਉਂ ਕਰਨ ਸੰਭਾਲ ਬੇਲੀ।
ਆਪਣੀ ਨਿੱਜੀ ਕੋਈ ਭੁੱਖ ਨਾ ਤੇਹ ਜਾਣੀ,
ਰਿਹਾ ਸੀ ਪੁੱਤਰ ਦਾ ਕੁੱਲ ਖਿਆਲ ਬੇਲੀ।
ਪੜ੍ਹ ਕੇ ਪੁੱਤਰ ਸੀ ਜਦੋਂ ਵਕੀਲ ਬਣਿਆ,
ਸੁਰਤ ਜੁੜੀਸੀ ਮਾਇਆ ਦੇ ਨਾਲ ਬੇਲੀ।
ਸਕੀ ਮਾਂ ਨਾਲ ਦੁਸ਼ਮਣੀ ਕਰਨ ਤੁਰਿਆ,
ਚੱਲਿਆ ਖੋਹਣ ਉਹ ਮਾਂ ਦਾ ਮਾਲ ਬੇਲੀ।
ਕਰਦਾ ਮਾਂ ਦੀ ਰਿਹਾ ਕੜ-ਕੁੱਟ ਪੁੱਤਰ,
ਆਈ ਸੀ ਧੀ ਤੇ ਪੁਲਸ ਬੁਲਾਈ ਬੇਲੀ।
ਡਿਗਰੀ ਲਾਂਭੇ ਵਕੀਲ ਦੀ ਰਹੀ ਰੁਲਦੀ,
ਨੌਬਤ ਜੇਲ੍ਹਾਂ ਨੂੰ ਜਾਣ ਦੀ ਆਈ ਬੇਲੀ।

**ਤੀਸ ਮਾਰ ਖਾਂ**

# ਭਾਜਪਾ ਦੇ ਸਾਬਕਾ ਸੰਸਦ ਮੈਂਬਰ ਦੇ ਪੁੱਤਰ ਨੂੰ ਲਖਨਊ ਪੀਜੀਆਈ 'ਚ ਬੈੱਡ ਨਹੀਂ ਮਿਲਿਆ, ਸਟਰੈਚਰ 'ਤੇ ਹੀ ਮੌਤ

ਲਖਨਊ, 30 ਅਕਤੂਬਰ (ਪੋਸਟ ਬਿਊਰੋ): ਉੱਤਰ ਪ੍ਰਦੇਸ਼ ਦੀ ਰਾਜਧਾਨੀ ਲਖਨਊ ਦੇ ਐਸਜੀਪੀਜੀਆਈ ਹਸਪਤਾਲ ਦੇ ਡਾਕਟਰਾਂ 'ਤੇ ਭਾਜਪਾ ਦੇ ਸਾਬਕਾ ਸੰਸਦ ਮੈਂਬਰ ਨੇ ਆਪਣੇ ਬੇਟੇ ਦਾ ਇਲਾਜ ਨਾ ਕਰਨ ਦੇ ਗੰਭੀਰ ਦੋਸ਼ ਲਾਏ ਹਨ, ਜਿਸ ਕਾਰਨ ਉਸ ਦੀ ਮੌਤ ਹੋ ਗਈ। ਭਾਜਪਾ ਨੇਤਾ ਅਤੇ ਸਾਬਕਾ ਸੰਸਦ ਮੈਂਬਰ ਭੈਰੋ ਪ੍ਰਸਾਦ ਮਿਸ਼ਰਾ ਦਾ ਬੇਟਾ ਕਿਡਨੀ ਦੀ ਬੀਮਾਰੀ ਤੋਂ ਪੀੜਤ ਸੀ। ਭੈਰੋ ਪ੍ਰਸਾਦ ਮਿਸ਼ਰਾ ਨੇ ਦੋਸ਼ ਲਾਇਆ ਕਿ ਐਮਰਜੈਂਸੀ ਵਾਰਡ ਵਿੱਚ ਬੈੱਡ ਖਾਲੀ ਨਾ ਹੋਣ ਕਾਰਨ ਉਨ੍ਹਾਂ ਦੇ ਬੇਟੇ ਨੂੰ ਨਾ ਤਾਂ ਦਾਖਲ ਕਰਵਾਇਆ ਗਿਆ ਅਤੇ ਨਾ ਹੀ ਇਲਾਜ ਕਰਵਾਇਆ ਗਿਆ। ਸਬੰਧਤ ਡਾਕਟਰ ਨੂੰ ਮੁਅੱਤਲ ਕਰਨ ਅਤੇ ਅਗਲੇਰੀ ਕਾਰਵਾਈ ਦੀ ਮੰਗ ਨੂੰ ਲੈ ਕੇ ਦੁਖੀ ਪਿਤਾ ਪੁੱਤਰ ਦੀ ਲਾਸ਼ ਸਮੇਤ ਵਾਰਡ ਵਿੱਚ ਹੜਤਾਲ 'ਤੇ ਬੈਠ ਗਏ। ਮਾਮਲਾ ਵਧਦਾ ਦੇਖ ਹਸਪਤਾਲ ਪ੍ਰਸ਼ਾਸਨ ਨੇ ਸਬੰਧਤ ਡਾਕਟਰ ਨੂੰ ਮੁਅੱਤਲ ਕਰ ਦਿੱਤਾ ਹੈ। ਕਿਹਾ ਗਿਆ ਹੈ ਕਿ ਮਾਮਲੇ ਦੀ ਜਾਂਚ ਕੀਤੀ ਜਾਵੇਗੀ।

ਪ੍ਰਾਪਤ ਜਾਣਕਾਰੀ ਅਨੁਸਾਰ ਸਾਬਕਾ ਸੰਸਦ ਮੈਂਬਰ ਭੈਰੋ ਪ੍ਰਸਾਦ ਮਿਸ਼ਰਾ ਦਾ ਪੁੱਤਰ 41 ਸਾਲਾ ਪ੍ਰਕਾਸ਼ ਮਿਸ਼ਰਾ ਗੁਰਦਿਆਂ ਦੀ ਬਿਮਾਰੀ ਤੋਂ ਪੀੜਤ ਸੀ। ਉਨ੍ਹਾਂ ਨੂੰ ਐਤਵਾਰ ਰਾਤ ਕਰੀਬ 11 ਵਜੇ ਐਸਜੀਪੀਜੀਆਈ ਦੇ ਐਮਰਜੈਂਸੀ ਵਾਰਡ ਵਿੱਚ ਲਿਆਂਦਾ ਗਿਆ। ਬਾਂਦਾ ਤੋਂ ਸਾਬਕਾ ਸੰਸਦ ਮੈਂਬਰ ਮਿਸ਼ਰਾ ਦਾ ਦਾਅਵਾ ਹੈ ਕਿ ਐਮਰਜੈਂਸੀ ਵਾਰਡ ਵਿੱਚ ਕੋਈ ਬਿਸਤਰੇ ਉਪਲਬਧ ਨਹੀਂ ਸਨ। ਐਮਰਜੈਂਸੀ ਡਾਕਟਰ ਨੇ ਮਦਦ ਕਰਨ ਲਈ ਕੁਝ ਨਹੀਂ ਕੀਤਾ। ਸਾਬਕਾ ਸੰਸਦ ਮੈਂਬਰ ਨੇ ਦਾਅਵਾ ਕੀਤਾ ਹੈ ਕਿ ਇਲਾਜ ਨਾ ਹੋਣ ਕਾਰਨ ਉਨ੍ਹਾਂ ਦੇ ਬੇਟੇ ਦੀ ਕੁਝ ਸਮੇਂ ਬਾਅਦ ਮੌਤ ਹੋ ਗਈ। ਭੈਰੋਂ ਪ੍ਰਸਾਦ ਮਿਸ਼ਰਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ, "ਮੇਰਾ ਬੇਟਾ ਚਲਾ ਗਿਆ ਹੈ, ਪਰ ਮੈਂ ਉੱਥੇ ਬੈਠ ਗਿਆ। ਮੇਰੇ ਤੋਂ ਬਾਅਦ ਕਰੀਬ 20-25 ਲੋਕਾਂ ਨੇ ਇਲਾਜ ਕਰਵਾਇਆ। ਜਦੋਂ ਮੈਂ ਧਰਨੇ 'ਤੇ ਬੈਠਾ ਸੀ, ਤਾਂ ਹਰ ਕੋਈ ਇਸ ਬਾਰੇ ਸ਼ਿਕਾਇਤ ਕਰ ਰਿਹਾ ਸੀ। ਉਸ (ਸਬੰਧਤ ਡਾਕਟਰ) ਨੂੰ ਸਜ਼ਾ ਮਿਲਣੀ ਚਾਹੀਦੀ ਹੈ।"

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ?
ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

TAX & ACCOUNTING
TAX | HST REBATE | ADVISORY |
ACCOUNTING | INCORPORATION |
BUSINESS LOAN | PERSONAL TAX
Harcharan S. Grover
Chartered Accountant
ਸਾਨੂੰ ਕਾਲ ਕਰੋ ਤੇ ਆਪਣਾ ਟੈਕਸ ਬਚਾਓ
Call for Professional Advice
905.247.0193
info@grovercpa.ca
GroVerCPA Professional Corporation
214-7895 Tranmere Drive, Mississauga ON L5S 1V9

NATURAL HEALTH SOLUTIONS
Over 20 years Homeopathic/Holistic ways case solving experience
HOMEOPATHY / HOLISTIC ਵਿਧੀ ਰਾਹੀਂ ਬਿਮਾਰੀਆਂ ਦਾ ਇਲਾਜ ਕਰਨ ਦਾ 20 ਸਾਲ ਤੋਂ ਵੱਧ ਦਾ ਤਜ਼ੁਰਬਾ।
ABDOMINAL, METABOLIC, SKIN ਅਤੇ ਬੱਚਿਆਂ ਨਾਲ ਸੰਬੰਧਿਤ ਬਿਮਾਰੀਆਂ ਜਿਵੇਂ ਕੇ ਭੁੱਖ ਨਾ ਲੱਗਣਾ ਅਤੇ PSYCOLOGICAL ਸੱਮਸਿਆਵਾਂ ਨੂੰ ਠੀਕ ਕਰਨ ਦਾ ਤਜ਼ੁਰਬਾ।
ਜੇਕਰ ਕਿਤੋਂ ਹੋਰ ਇਲਾਜ ਨਹੀਂ ਹੋਇਆ ਤਾਂ ਸਾਡੇ ਨਾਲ ਸੰਪਰਕ ਕਰੋ -
ਤੁਹਾਡੀ ਭਾਸ਼ਾ ਬੋਲਦੇ - Hindi, Punjabi & English
ASHFAQ AHMAD (M.Sc.)
- Registered Ontario Homeopath
- Holistic Nutritionist
- Certified Herbalist
Phone: 647-779-5904
Address: 8 Camperdown Ave, Etobicoke.
Clinic hours: all appointment basis for client convenience

ਬਰਾੜ ਗਰਾਜ ਡੋਰ
ਅਸੀਂ ਰੀਪੇਅਰ ਕਰਦੇ ਹਾਂ :
BROKEN SPRINGS
CABLES & ROLLERS
GARAGE DOOR OPENERS
We Install Garage Door Openers
ਸੰਪਰਕ ਕਰੋ: (416) 357-4082, ਈਮੇਲ ਕਰੋ: brargaragedoors@gmail.com

SherGill Law Firm
Barrister, Solicitor & Notary Public
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
Paramjit Singh Gill (MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact: 416.910.5676
www.shergilllawfirm.ca

ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਏ
Super Visa
- How your spouse can join you within 4-6 months
- How your parents can join you
- How students & skilled people can come to Canada
- How international Students & Foreign workers can get their immigration
We do appeal for Refusal cases also
Sponsor Your Family
MacroGlobal Immigration Services Ltd.
Seema Bhayana
MEMBER iccrc
Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com

ukttc UK TRUCK TRAINING CENTRE
PCC #179958
Registered as a Private Careers College
ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge
Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ
Forklift Training
Forklift $79 Recertification
Counterbalance Reach Truck
ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs
20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
7542 Bath Rd, Mississauga, ON L4T 1L2, Off:905.673.7979 | OPEN 7 DAYS uktruck1@gmail.com | Jitpal Singh Deol 647-204-1936

# ਰੇਲ ਹਾਦਸੇ ਦੇ 19 ਘੰਟਿਆਂ ਅੰਦਰ ਹੀ ਹਾਵੜਾ-ਚੇਨੱਈ ਲਾਈਨ ’ਤੇ ਸੇਵਾ ਬਹਾਲ



ਚੇਨੱਈ, 30 ਅਕਤੂਬਰ (ਪੋਸਟ ਬਿਊਰੋ): ਆਂਧਰਾ ਪ੍ਰਦੇਸ਼ ਦੇ ਵਿਜਯਨਗਰਮ ਜ਼ਿਲ੍ਹੇ ਵਿੱਚ ਹੋਏ ਰੇਲ ਹਾਦਸੇ ਦੇ ਇੱਕ ਦਿਨ ਬਾਅਦ ਹਾਵੜਾ-ਚੇਨਈ ਲਾਈਨ ਉੱਤੇ ਰੇਲ ਸੇਵਾ ਬਹਾਲ ਕਰ ਦਿੱਤੀ ਗਈ ਹੈ। ਐਤਵਾਰ ਸ਼ਾਮ ਨੂੰ ਦੋ ਯਾਤਰੀ ਟਰੇਨਾਂ ਦੀ ਟੱਕਰ ਕਾਰਨ ਹੋਏ ਇਸ ਹਾਦਸੇ 'ਚ 14 ਲੋਕਾਂ ਦੀ ਮੌਤ ਹੋ ਗਈ ਅਤੇ 50 ਜ਼ਖਮੀ ਹੋ ਗਏ। ਹਾਦਸੇ ਤੋਂ ਬਾਅਦ ਰੇਲਵੇ ਰੂਟ 'ਤੇ ਰੇਲ ਆਵਾਜਾਈ ਠੱਪ ਹੋ ਗਈ। ਕਈ ਟਰੇਨਾਂ ਨੂੰ ਰੱਦ ਕਰਨਾ ਪਿਆ। ਇਸ ਤੋਂ ਇਲਾਵਾ ਕਈ ਟਰੇਨਾਂ ਦਾ ਸਮਾਂ ਅਤੇ ਰੂਟ ਵੀ ਬਦਲਣੇ ਪਏ।

ਅਧਿਕਾਰੀਆਂ ਨੇ ਦੱਸਿਆ ਕਿ ਰੇਲਵੇ ਅਧਿਕਾਰੀਆਂ ਦੀ ਅਗਵਾਈ 'ਚ ਸਾਂਝੇ ਯਤਨਾਂ ਤੋਂ ਬਾਅਦ ਹਾਵੜਾ-ਚੇਨਈ ਰੇਲਵੇ ਲਾਈਨ 'ਤੇ ਹਾਦਸੇ ਦੇ 19 ਘੰਟਿਆਂ ਦੇ ਅੰਦਰ ਰੇਲ ਸੇਵਾਵਾਂ ਬਹਾਲ ਕਰ ਦਿੱਤੀਆਂ ਗਈਆਂ ਅਤੇ ਦੁਪਹਿਰ 2:23 'ਤੇ ਪਹਿਲੀ ਰੇਲਗੱਡੀ ਪਟੜੀ ਤੋਂ ਲੰਘੀ। ਦੁਰਘਟਨਾ ਤੋਂ ਬਾਅਦ ਰਾਹਤ ਅਤੇ ਬਹਾਲੀ ਦੇ ਕੰਮ ਵਿੱਚ ਕਈ ਵਿਭਾਗਾਂ ਦੇ 1,000 ਕਰਮਚਾਰੀ ਅਤੇ ਸੁਪਰਵਾਈਜ਼ਰ ਅਤੇ ਕਈ ਕਰੇਨ ਅਤੇ ਜੇਸੀਬੀ ਤਾਇਨਾਤ ਕੀਤੇ ਗਏ ਸਨ।

ਇਸ ਦੌਰਾਨ ਆਂਧਰਾ ਪ੍ਰਦੇਸ਼ ਦੇ ਮੁੱਖ ਮੰਤਰੀ ਵਾਈਐਸ ਜਗਨ ਮੋਹਨ ਰੈਡੀ ਨੇ ਸੋਮਵਾਰ ਨੂੰ ਵਿਜਯਨਗਰਮ ਪਹੁੰਚ ਕੇ ਸਥਿਤੀ ਦਾ ਜਾਇਜ਼ਾ ਲਿਆ। ਸੀਐਮ ਜਗਨ ਨੇ ਸਿੱਖਿਆ ਮੰਤਰੀ ਬੋਚਾ ਸਤਿਆਨਾਰਾਇਣ, ਵਿਜ਼ਿਆਨਗਰਮ ਕਲੈਕਟਰ ਐਸ ਨਾਗਲਕਸ਼ਮੀ ਅਤੇ ਹੋਰਾਂ ਦੇ ਨਾਲ ਹਸਪਤਾਲ ਵਿੱਚ ਇਲਾਜ ਸਹੂਲਤਾਂ ਦਾ ਮੁਆਇਨਾ ਕੀਤਾ ਅਤੇ ਪੀੜਤਾਂ ਨਾਲ ਗੱਲਬਾਤ ਕੀਤੀ।

## ਗੁਰਮੀਤ ਸਿੰਘ ਆਰੇਵਾਲਾ ਮਾਰਕਿਟ ਕਮੇਟੀ ਕੋਟਕਪੂਰਾ ਦੇ ਚੇਅਰਮੈਨ ਨਿਯੁਕਤ



ਫਰੀਦਕੋਟ, 30 ਅਕਤੂਬਰ (ਗਿਆਨ ਸਿੰਘ): ਆਮ ਆਦਮੀ ਪਾਰਟੀ ਦੇ ਪੁਰਾਣੇ ਵਰਕਰ ਗੁਰਮੀਤ ਸਿੰਘ ਆਰੇਵਾਲਾ 31 ਅਕਤੂਬਰ ਨੂੰ ਚੇਅਰਮੈਨ ਮਾਰਕਿਟ ਕਮੇਟੀ ਕੋਟਕਪੂਰਾ ਦਾ ਅਹੁਦਾ ਸੰਭਾਲਣਗੇ। ਇਸ ਮੌਕੇ ਪਾਰਟੀ ਵਰਕਰਾਂ ਅਤੇ ਪ੍ਰਸ਼ੰਸ਼ਕਾ ਵਿੱਚ ਭਾਰੀ ਉਤਸ਼ਾਹ ਪਾਇਆ ਜਾ ਰਿਹਾ ਹੈ।

ਗੁਰਮੀਤ ਸਿੰਘ ਆਰੇਵਾਲਾ ਨੇ ਕਿਹਾ ਕਿ ਪਿਛਲੇ ਲੰਮੇ ਸਮੇਂ ਤੋਂ ਉਹ ਲਗਾਤਾਰ ਪਾਰਟੀ ਦੀ ਸੇਵਾ ਕਰ ਰਹੇ ਹਨ, ਜਿਸ ਦੇ ਫਲਸਰੂਪ ਉਨ੍ਹਾਂ ਨੂੰ ਮਾਰਕਿਟ ਕਮੇਟੀ ਕੋਟਕਪੂਰਾ ਦੀ ਵਾਂਗਡੋਰ ਸੰਭਾਲਣ ਦਾ ਸੁਨਹਿਰੀ ਅਵਸਰ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ ਇਸ ਕਾਰਨ ਇਹ ਉਨ੍ਹਾਂ ਦਾ ਨੈਤਿਕ ਫਰਜ਼ ਹੈ ਅਤੇ ਜ਼ਿੰਮੇਵਾਰੀ ਹੈ ਕਿ ਉਹ ਇਸ ਅਹੁਦੇ ਦੀ ਮਾਨ ਮਰਿਆਦਾ ਨੂੰ ਬਣਾਈ ਰੱਖਣ। ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਸੌਂਪੀ ਗਈ ਨਵੀਂ ਜ਼ਿੰਮੇਵਾਰੀ ਨੂੰ ਉਹ ਪੂਰੀ ਤਨਦੇਹੀ ਨਾਲ ਨਿਭਾਉਣਗੇ। ਉਨ੍ਹਾਂ ਕਿਹਾ ਕਿ ਸੀਜ਼ਨ ਦੌਰਾਨ ਕਿਸਾਨਾਂ ਅਤੇ ਆੜ੍ਹਤੀਆਂ ਨੂੰ ਜਿੰਨਾ ਵੀ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ, ਉਸਦਾ ਉਹ ਹਰ ਹੀਲੇ ਢੁੱਕਵਾਂ ਹੱਲ ਕੱਢਣ ਦੀ ਪੁਰਜ਼ੋਰ ਕੋਸ਼ਿਸ ਕਰਨਗੇ।

ਉਨ੍ਹਾਂ ਇਸ ਮੌਕੇ ਉਚੇਚੇ ਤੌਰ ਤੇ ਸਪੀਕਰ ਪੰਜਾਬ ਵਿਧਾਨ ਸਭਾ ਸ. ਕੁਲਤਾਰ ਸਿੰਘ ਸੰਧਵਾਂ, ਵਿਧਾਇਕ ਜੈਤੋ ਸ. ਅਮੋਲਕ ਸਿੰਘ ਅਤੇ ਵਿਧਾਇਕ ਫਰੀਦਕੋਟ ਸ. ਗੁਰਦਿੱਤ ਸਿੰਘ ਸੇਖੋਂ ਦਾ ਉਚੇਚੇ ਤੌਰ ਤੇ ਧੰਨਵਾਦ ਵੀ ਕੀਤਾ। ਉਨ੍ਹਾਂ ਕਿਹਾ ਕਿ ਸਮੇਂ ਸਮੇਂ ਤੇ ਇਨ੍ਹਾਂ ਲੀਡਰ ਸਹਿਬਾਨਾਂ ਤੋਂ ਮਾਰਗ ਦਰਸ਼ਨ ਲੈ ਕੇ ਕਿਸਾਨਾਂ ਅਤੇ ਆੜ੍ਹਤੀਆਂ ਨੂੰ ਦਰਪੇਸ਼ ਆ ਰਹੀਆਂ ਔਕੜਾਂ ਨੂੰ ਦੂਰ ਕੀਤਾ ਜਾਵੇਗਾ।


REXDALE BODY SHOP
USED CAR SALE





Specialization In:
* All Kinds of Body Work
* Auto Glass Windshield
* Denting, Painting & Welding
SPECIAL PAINT JOB $779
RENTAL CAR PROVIDED
25 years of Canadian Experience
OPEN MON - SAT 9AM TO 7PM
ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ
CHEEMA
LOWEST PRICE IN TOWN
Call Rick or Manminder Cheema: 416.749.9596 / 416.951.6431
Towing Service Car Paint Starts $799*upto 100% Deductible Paid*
30 Racine Rd. Toronto, ON, M9W 2Z3, FAX: 416.749.9597
www.AAABODYSHOP.ca
mcheemaaaa@hotmail.com



Office: 416-654-1010

Sutton


Sutton Group Security Real Estate Brokerage
2700 Dufferin St #47, Toronto ON M6B4J3



*"For all your real estate needs"*

Anabela Serra
Sales Representative
416-400-5825
anabelserra75@gmail.com





$1,149,000

98 JOHN ST E
Bradford West Gwillimbury, Ontario L3Z1G4

A 5-Plex on a Premium lot of 54 x 148*. Lovely stucco & vinyl multiplex in the heart of Bradford. Annual Gross Income is Approx $60,000. Located on a quiet residential street that is close to schools, shopping, restaurants & entertainment. Easy access to the highway for commuters


97 JOHN ST E
Bradford West Gwillimbury, Ontario L3Z2B5



$1,089,000

A charming, well-maintained detached house that's been converted into 4 units; One 2 bedroom unit and three 1 bedroom units. This property sits on a premium lot 50X148 with a large backyard and a large storage shed shared by tenants. Easily convert back to a single family home. All units are currently rented on a month-to-month tenancy.

103 JOHN ST W
Bradford West Gwillimbury, Ontario L3Z2A8



$799,000

**3 UNITS** Lovely semi detached in the heart of Bradford. One 2 bedroom unit, One 1 bedroom unit and 1 bachelor. Annual Gross Income Is Approx $41,000(Gross). Lots Of Parking, Quiet Residential Street Close To Shopping, Restaurants, Schools And Entertainment. Huge Lot 36Ft X 167 Ft. All tenants on a month-to-month tenancy.

6273 YONGE ST
Innisfil, Ontario L0L1K0



$799,000

Great opportunity to own a 4-plex with a monthly income of $4654.00. This property features 3 two bedroom units and one 1 bedroom unit. New septic system was installed in 2021. The tenants would like to stay if possible. Location is on the bus route and minutes to Barrie or Bradford. EXTRA: All existing appliances, all ELFs, Coin operated washer and dryer.

2217 VICTORIA ST
Innisfil, Ontario L9S1A8



$499,000

Ideal building lot dream home steps to the beach. Or Perfect Starter Home Or Investment Property In Village Of Stroud. Home Is Located Minutes From The Go Bus Stop And A Short Walk From Stores And All Amenities. Features Include Gas Furnace 2014, Steel Roof 2014, Plumbing And Wiring 2014, Electrical Panel 2014. A Short Drive To Lake Simcoe.






## ‘ਸਰਾਭਾ’ ਪੰਜਾਬੀ ਫ਼ਿਲਮ 3 ਨਵੰਬਰ ਨੂੰ ਰੀਲੀਜ਼ ਹੋ ਰਹੀ ਹੈ। ਦਰਸ਼ਕ ਕੈਨੇਡਾ ਵਿਚ ਹੇਠ ਲਿਖੇ ਸਿਨੇਮਾਂਘਰਾਂ ਵਿਚ ਇਸ ਫ਼ਿਲਮ ਨੂੰ ਦੇਖ ਸਕਦੇ ਹਨ

| CIRCUIT | THEATRE | CITY | PROV |
|---|---|---|---|
| CINEPLEX ENTERTAINMENT | ODEON SUNRIDGE SPECTRUM | CALGARY | AB |
| CINEPLEX ENTERTAINMENT | CINEPLEX CINEMAS MANNING TOWN CENTRE | EDMONTON | AB |
| CINEPLEX ENTERTAINMENT | SILVERCITY MISSION | MISSION | BC |
| CINEPLEX ENTERTAINMENT | CINEPLEX CINEMAS STRAWBERRY HILL | SURREY | BC |
| CINEPLEX ENTERTAINMENT | CINEMA CITY NORTHGATE | WINNIPEG | MB |
| CINEPLEX ENTERTAINMENT | CINEPLEX CINEMAS TRINITY DRIVE | MONCTON | NB |
| CINEPLEX ENTERTAINMENT | CINEPLEX CINEMAS PARK LANE | HALIFAX | NS |
| CINEPLEX ENTERTAINMENT | CINEPLEX AJAX | AJAX | ON |
| CINEPLEX ENTERTAINMENT | SILVERCITY BRAMPTON | BRAMPTON | ON |
| CINEPLEX ENTERTAINMENT | CINEPLEX CINEMAS COURTNEY PARK | MISSISSAUGA | ON |
| CINEPLEX ENTERTAINMENT | CINEPLEX CINEMAS WINSTON CHURCHILL | OAKVILLE | ON |
| CINEPLEX ENTERTAINMENT | ODEON SOUTH KEYS | OTTAWA | ON |
| CINEPLEX ENTERTAINMENT | ODEON EGLINTON TOWN CENTRE | SCARBOROUGH | ON |
| CINEPLEX ENTERTAINMENT | CINEPLEX CINEMAS YONGE-DUNDAS & VIP | TORONTO | ON |
| CINEPLEX ENTERTAINMENT | GALAXY WATERLOO | WATERLOO | ON |
| CINEPLEX ENTERTAINMENT | ODEON DEVONSHIRE MALL | WINDSOR | ON |
| CINEPLEX ENTERTAINMENT | CINEPLEX CINEMAS VAUGHAN | WOODBRIDGE | ON |
| CINEPLEX ENTERTAINMENT | CINEPLEX CINEMAS CHARLOTTETOWN | CHARLOTTETOWN | PEI |
| CINEPLEX ENTERTAINMENT | CINEPLEX FORUM | MONTREAL | QC |
| CINEPLEX ENTERTAINMENT | CINEPLEX CINEMAS NORMANVIEW | REGINA | SK |
| CINEPLEX ENTERTAINMENT | SCOTIABANK THEATRE SASKATOON & VIP | SASKATOON | SK |


CAPITAL SERVICES
INSURANCE | VEHICLE REG. | IMMIGRATION | NOTARY PUBLIC | LIVE SCAN
ਸੈਕਰਾਮੈਂਟੋ, ਕੈਲੀਫੋਰਨੀਆ
AUTO • HOME • TRUCK • BUSINESS • LIFE • MEDICAL

ਪਾਸਪੋਰਟ / ਵੀਜ਼ਾ
* ੳ ਸੀ ਆਈ
* ਸਰੈਂਡਰ ਸਰਟੀਫਿਕੇਟ, ਪੈਨ ਕਾਰਡ
* ਫੈਮਲੀ ਪਟੀਸ਼ਨ * ਗਰੀਨ ਕਾਰਡ
* ਸਿਟੀਜਨ * ਵਸੀਅਤ *Living Trust
* ਫੈਮਲੀ ਪਟੀਸ਼ਨ *Legal Documents
The Attorney has 25 years of experience in your favor for all legal services.

Vehicle Registration
(Approved by CA DMV)
* ਕਾਰ ਸਟਿੱਕਰ ਸਲਾਨਾ
* ਕਾਰ ਟਰਾਂਸਫਰ
* ਪਲੇਟਾਂ ਤੇ ਸਟਿੱਕਰ
* ਕਮਰਸ਼ੀਅਲ ਵਹੀਕਲ
* Vin Verification
Lic.43779

Other Services
* Live Scan / Fingerprints
* Covered California.
* Drug Testing * Alcohol Tes
* Notary Services
* International Driver Lic.
Lic. 600094



Office Ph.(916) 427-4321
6624 FLORIN ROAD, SACRAMENTO CA, 95828
FAX: 916)258-0441, Cell: (916)308-7997
Email: sacramento99@yahoo.com Website: www.capitalservices.us





Capital DRUG TESTING
CAPITAL DRUG TESTING
Drug and Alcohol Test
DOT / NON DOT
PRE EMPLOYMENT - RANDOM
POST ACCIDENT - REASONABLE SUSPICION
Services: DOT Random Prog., FMCSA Clearinghouse, DOT Supervisor Training, SAP Classes Etc.
Lab. Ph:(916) 680-9293
6624 Florin Road
Sacramento CA, 95828
Email: capitaldrugtest@gmail.com
Website: www.capitaldrugtest.com



# ਪੰਜਾਬੀ ਕਲਮਾਂ ਦਾ ਕਾਫ਼ਲਾ ਟਰਾਂਟੋ ਦੀ ਕਿਤਾਬ ਚਰਚਾ ਅਤੇ ਮਿਲਣੀ ਯਾਦਗਾਰੀ ਹੋ ਨਿਬੜੀ

ਟਰਾਂਟੋ, 30 ਅਕਤੂਬਰ ( ਗਿਆਨ ਸਿੰਘ): ਪੰਜਾਬੀ ਕਲਮਾਂ ਦਾ ਕਾਫ਼ਲਾ ਟਰਾਂਟੋ ਦੀ ਇੱਕ ਸਾਹਿਤਕ ਇੱਕਤਰਤਾ ਸਪਰਿੰਗ ਡੇਲ ਲਾਇਬ੍ਰੇਰੀ ਟਰਾਂਟੋ ਵਿਖੇ ਹੋਈ । ਜਿਸ ਦੇ ਪਹਿਲੇ ਸ਼ੈਸ਼ਨ ਵਿੱਚ ਨਿਰੰਜਨ ਸਿੰਘ ਪ੍ਰੇਮੀ ਦੇ ਨਾਟਕ " ਗੁਰੂ ਕੇ ਬਾਗ ਦਾ ਬਦਲਾ " ਤੇ ਭਰਵੀਂ ਵਿਚਾਰ ਚਰਚਾ ਹੋਈ । ਸਭ ਤੋ ਪਹਿਲਾਂ ਡਾਕਟਰ ਜਤਿੰਦਰ ਕੌਰ ਰੰਧਾਵਾ ਨੇ ਸਰੋਤਿਆਂ ਨਾਲ ਨਾਟਕਕਾਰ ਨਿਰੰਜਨ ਸਿੰਘ ਪ੍ਰੇਮੀ ਦੇ ਸਾਹਿਤਕ ਅਤੇ ਰੰਗ ਮੰਚ ਨੂੰ ਸਮਰਪਿਤ ਜੀਵਨ ਨਾਲ ਸਾਂਝ ਪਵਾਈ । ਪ੍ਰੇਮੀ ਜੀ ਵੱਲੋਂ ਲਿਖੇ ਨਾਟਕ " ਗੁਰੂ ਕੇ ਬਾਗ ਦਾ ਬਦਲਾ " ਉਪਰ ਵਿਚਾਰ ਗੋਸ਼ਟੀ

ਦੌਰਾਨ ਕੁਲਵਿੰਦਰ ਸਿੰਘ ਖਹਿਰਾ ਅਤੇ ਪਿਆਰਾ ਸਿੰਘ ਕੁਦੋਵਾਲ ਵੱਲੋ ਪੇਪਰ ਪੜ੍ਹੇ ਗਏ । ਕੁਲਵਿੰਦਰ ਸਿੰਘ ਖਹਿਰਾਨੇ ਨਿਰੰਜਨ ਸਿੰਘ ਪ੍ਰੇਮੀ ਦੇ ਨਾਟਕ ਬਾਰੇ ਬੋਲਦਿਆਂ ਪੰਜਾਬੀ ਨਾਟਕ ਦੇ ਇਤਿਹਾਸ ਅਤੇ ਨਾਟਕ ਦੇ ਸਾਹਿਤ

ਵਿੱਚ ਰੋਲ ਸਬੰਧਿਤ ਜਾਣਕਾਰੀ ਸਰੋਤਿਆਂ ਨਾਲ ਸਾਂਝੀ ਕੀਤੀ । ਨਾਟਕ ਵਿੱਚ ਵਰਤੀ ਨਾਟ- ਸ਼ੈਲੀ , ਨਾਟਕ- ਕਲਾ ਅਤੇ ਨਾਟਕ ਵਿੱਚ ਵਰਤੀ ਗਈ ਭਾਸ਼ਾ ਬਾਰੇ ਵਿਸਥਾਰ ਨਾਲ ਗੱਲਬਾਤ ਕੀਤੀ ।

ਪਿਆਰਾ ਸਿੰਘ ਕੁਦੋਵਾਲ ਹੋਰਾਂ ਪ੍ਰੇਮੀ ਜੀ ਦੇ ਨਾਟਕ " ਗੁਰੂ ਕੇ ਬਾਗ ਦਾ ਬਦਲਾ " ਇਤਿਹਾਸਕ ਪਰਿਪੱਕਤਾ ਅਤੇ ਸਮਕਾਲੀਨ ਸਮੇਂ ਵਿੱਚ ਇਤਿਹਾਸਕ ਅਤੇ ਧਾਰਮਿਕ ਨਾਟਕਾਂ ਦੀ ਮਹੱਤਤਾ ਸਬੰਧੀ ਖ਼ੂਬਸੂਰਤ ਗੱਲਾਂ ਕੀਤੀਆਂ । ਉਹਨਾਂ ਨਾਟਕਕਾਰ ਵੱਲੋਂ ਨਾਟਕ ਵਿੱਚ ਵਰਤੀ ਭਾਸ਼ਾ , ਡਾਇਲਾਗ ਡਲਿਵਰੀ , ਮੁਹਾਵਰੇ ਦੀ ਵਰਤੋਂ , ਪੇਸ਼ ਲੋਕ ਬੋਲੀਆਂ ਉੱਪਰ ਗੱਲਬਾਤ ਵਿਸਥਾਰ ਨਾਲ ਕੀਤੀ ਅਤੇ ਇਹ ਵੀ ਕਿਹਾ ਕਿ ਲੋਕ ਤੱਥਾਂ ਦੇ ਨਾਲ ਨਾਲ ਨਿਰੰਜਨ ਸਿੰਘ ਪ੍ਰੇਮੀ ਨੇ ਆਪਣੇ ਨਾਟਕ ਵਿੱਚ ਗਾਲਾਂ ਦੀ ਵਰਤੋਂ ਵੀ ਬਹੁਤ ਕੀਤੀ ਹੈ । ਡਾਕਟਰ ਪਾਲੀ ਭੁਪਿੰਦਰ ਜੋ ਕਿ ਉੱਘੇ ਥਿਏਟਰ ਤੇ ਸਕਰੀਨ , ਨਿਰਦੇਸ਼ਕ ਅਤੇ ਥਿਏਟਰ ਵਿਦਵਾਨ ਹਨ ਉਹਨਾਂ ਪੰਜਾਬੀ ਨਾਟ ਸ਼ਾਸ਼ਤਰ , ਪੰਜਾਬੀ ਨਾਟਕ ਤੇ ਰੰਗ ਮੰਚ ਬਾਰੇ ਬਹੁਤ ਹੀ ਸੰਜੀਦਾ ਵਿਚਾਰ ਸਰੋਤਿਆਂ ਨਾਲ ਸਾਂਝੇ ਕੀਤੇ।





ਸਮਾਗਮ ਦੇ ਪ੍ਰਧਾਨਗੀ ਮੰਡਲ ਵਿੱਚ ਨਾਟਕਕਾਰ ਨਿਰੰਜਨ ਸਿੰਘ ਪ੍ਰੇਮੀ ,ਪ੍ਰੋਫੈਸਰ ਭੁਪਿੰਦਰ ਸਿੰਘ ਪਾਲੀ , ਪਿਆਰਾ ਸਿੰਘ ਕੁਦੋਵਾਲ ,ਅਤੇ ਕੁਲਵਿੰਦਰ ਸਿੰਘ ਖਹਿਰਾ ਜੀ ਸ਼ਾਮਲ ਸਨ ।

ਸਮਾਗਮ ਦੇ ਅੰਤ ਵਿੱਚ ਨਾਟਕਕਾਰ ਨਿਰੰਜਨ ਸਿੰਘ ਪ੍ਰੇਮੀਨੇ ਵਿਦਵਾਨ ਅਲੋਚਕਾਂ ਵੱਲੋਂ ਉਠਾਏ ਕੁੱਝ ਅਹਿਮ ਨੁਕਤਿਆਂ ਦੇ ਆਪਣੇ ਮਲਵਈ ਅੰਦਾਜ਼ ਵਿੱਚ ਤਸੱਲੀ ਬਖਸ਼ ਜਵਾਬ ਵੀ ਦਿੱਤੇ।

ਸਮਾਗਮ ਦੇ ਦੂਸਰੇ ਦੌਰ ਵਿੱਚ ਅਸ਼ੋਕ ਬਾਂਸਲ ਮਾਨਸਾ ਜੋ ਇੱਕ ਪ੍ਰਸਿੱਧ ਲੇਖਕ , ਖੋਜ ਸ਼ਾਸ਼ਤਰੀ ਪੰਜਾਬੀ ਮਿਊਜਿਕ , ਮਿੱਟੀ ਨੂੰ ਫਰੋਲ ਜੋਗੀਆ ਪੁਸਤਕ ਦੇ ਲੇਖਕ ਅਤੇ ਪੰਜਾਬੀ ਗੀਤਾਂ ਦੇ ਇਨਸਾਈਕਲੋਪੀਡੀਆ ਦੇ ਨਾਮ ਨਾਲ ਜਾਣੇ ਜਾਂਦੇ ਹਨ ਭਾਵੇਂ ਕੁੱਝ ਲੇਟ ਹੀ ਪਹੁੰਚੇ ਪਰ 10 ਕੁ ਮਿੰਟ ਬੋਲ ਕੇ ਵੀ ਸਰੋਤਿਆਂ ਨੂੰ ਕੀਲ ਕੇਮਨਾਂ ਤੇ ਅਮਿੱਟ ਛਾਪ ਛੱਡ ਗਏ।

ਸਮਾਗਮ ਦੇ ਅਖੀਰ ਵਿੱਚ ਹਾਜਰ ਕਵੀਆਂ ਨੇ ਸ਼ਾਇਰਾਨਾ ਮਹੌਲ ਬਣਾ ਦਿੱਤਾ ਜਿਸ ਦਾ ਆਗਾਜ਼ ਪ੍ਰਸਿੱਧ ਗ਼ਜ਼ਲਗੋ ਗੁਰਤੇਜ ਕੋਹਾਰਵਾਲਾ ਨੇ ਆਪਣੀਆਂ ਦੋ ਬਾ ਕਮਾਲ ਗ਼ਜ਼ਲਾਂ ਪੇਸ਼ ਕਰ ਕੇ ਕੀਤਾ । ਉਪਰੰਤ ਸੁਰਜੀਤ ਕੌਰ , ਸ਼ਾਇਰਾ ਉਜ਼ਮਾ ਮਹਿਮੂਦ , ਸੁਖਚਰਨਜੀਤ ਕੌਰ ਜਗੀਰ ਸਿੰਘ ਕਾਹਲੋਂ , ਸੋਨੀਆਂ ਮਨਜਿੰਦਰ ਤੇ ਉਪਕਾਰ ਸਿੰਘ ਤੇ ਨਾਰਥ ਅਮਰੀਕਾ ਦੀ ਹਰਮਨ ਪਿਆਰੀ ਗਾਇਕਾ ਰਾਜ ਘੁੰਮਣ ਨੇ ਆਪਣੀ ਗਾਇਕੀ ਨਾਲ ਸਮੇਂਨੂੰ ਹੀ ਬੰਨ੍ਹ ਲਿਆ ।

ਇਸ ਯਾਦਗਾਰੀ ਸਮਾਗਮ ਦਾ ਮੰਚ ਸੰਚਾਲਨ ਭੁਪਿੰਦਰ ਦੂਲੇ ਨੇ ਸ਼ਾਇਰਾਨਾ ਅੰਦਾਜ਼ ਵਿੱਚ ਕੀਤਾ ।

ਸਮਾਗਮ ਦੌਰਾਨ ਹੀ ਬਹੁਤ ਹੀ ਸਤਿਕਾਰਯੋਗ ਸੁਰਜਨ ਜੀਰਵੀ ਜੀ ਜਿੰਨ੍ਹਾਂ ਨੂੰ ਪੱਤਰਕਾਰੀ ਦੇ ਥੰਮ ਵਜੋਂ ਜਾਣਿਆ ਜਾਂਦਾ ਹੈ ਜੋ ਇਸ ਫਾਨੀ ਸੰਸਾਰ ਨੂੰ ਹਮੇਸ਼ਾ ਲਈ ਅਲਵਿਦਾ ਕਹਿ ਗਏ ਪੰਜਾਬੀ ਕਲਮਾਂ ਦਾ ਕਾਫ਼ਲਾ ਟਰਾਂਟੋ ਦੀ ਕਿਤਾਬ ਚਰਚਾ ਤੇ ਮਿਲਣੀ ਯਾਦਗਾਰੀ ਹੋ.ਨਿਬੜੀ।

# ਪੰਜਾਬ ਸਰਕਾਰ ਖਿਡਾਰੀਆਂ ਨੂੰ ਹਰ ਸਹੂਲਤ ਦੇਣ ਲਈ ਵਚਨਬੱਧ : ਸੇਖੋਂ

ਫਰੀਦਕੋਟ, 30 ਅਕਤੂਬਰ (ਗਿਆਨ ਸਿੰਘ): ਫਰੀਦਕੋਟ ਤੋਂ ਵਿਧਾਇਕ ਸ. ਗੁਰਦਿੱਤ ਸਿੰਘ ਸੇਖੋਂ ਨੇ ਅੱਜ ਕਿਹਾ ਕਿ ਪੰਜਾਬ ਸਰਕਾਰ ਖਿਡਾਰੀਆਂ ਨੂੰ ਹਰ ਕਿਸਮ ਦੀ ਸਹੂਲਤ ਦੇਣ ਲਈ ਵਚਨਬੱਧ ਹੈ, ਜਿਸ ਖਾਤਰ ਫੰਡਾਂ ਦੀ ਕੋਈ ਵੀ ਘਾਟ ਨਹੀਂ ਆਉਣ ਦਿੱਤੀ ਜਾਵੇਗੀ। ਉਨ੍ਹਾਂ ਦੁਹਰਾਇਆ ਕਿ ਖਿਡਾਰੀ ਪੂਰੀ ਇਕਾਗਰਤਾ ਨਾਲ ਕੇਵਲ ਆਪਣੇ ਖੇਡ ਤੇ ਧਿਆਨ ਦੇਣ, ਬਾਕੀ ਦਾ ਸਾਰਾ ਕੰਮ ਸਰਕਾਰ ਵੱਲੋਂ ਸੰਭਾਲ ਲਿਆ ਜਾਵੇਗਾ।

ਅੱਜ ਵਿਧਾਇਕ ਸੇਖੋਂ ਨੇ ਉਚੇਚੇ ਤੌਰ ਤੇ ਨਹਿਰੂ ਸਟੇਡੀਅਮ ਵਿਖੇ ਪਹੁੰਚ ਕੇ ਖਿਡਾਰੀਆਂ ਨੂੰ ਦਰਪੇਸ਼ ਆ ਰਹੀਆਂ ਦਿੱਕਤਾਂ ਦੇ ਮੱਦੇਨਜ਼ਰ ਕਰਵਾਏ ਗਏ ਕੰਮ ਦਾ ਜਾਇਜ਼ਾ ਲਿਆ। ਇਸ ਮੌਕੇ ਬੋਲਦਿਆਂ ਉਨ੍ਹਾਂ ਕਿਹਾ ਕਿ ਕੁਝ ਖਿਡਾਰੀਆਂ ਨੇ ਉਨ੍ਹਾਂ ਦੇ ਧਿਆਨ ਵਿੱਚ ਲਿਆਂਦਾ ਸੀ ਕਿ ਨਹਿਰੂ ਸਟੇਡੀਅਮ ਵਿਖੇ ਬੁਨਿਆਦੀ ਸਹੂਲਤਾਂ ਦੀ ਘਾਟ ਕਾਰਨ ਉਨ੍ਹਾਂ ਦੇ ਖੇਡਣ ਵਿੱਚ ਰੁਕਾਵਟਾਂ ਆ ਰਹੀਆਂ ਸਨ। ਉਨ੍ਹਾਂ ਦੱਸਿਆ ਕਿ ਇਸ ਸਬੰਧੀ ਖੇਡ ਵਿਭਾਗ ਦੇ ਉੱਚ ਅਧਿਕਾਰੀਆਂ ਦੇ ਨਾਲ ਨਾਲ ਇਹ ਮਸਲਾ ਖੇਡ ਮੰਤਰੀ ਸ. ਗੁਰਮੀਤ ਸਿੰਘ ਮੀਤ ਹੇਅਰ ਦੇ ਧਿਆਨ ਵਿੱਚ ਵੀ ਲਿਆਂਦਾ ਗਿਆ ਸੀ। ਉਨ੍ਹਾਂ ਦੱਸਿਆ ਕਿ ਖੇਡ ਮੰਤਰੀ ਵੱਲੋਂ ਹਰ ਸੰਭਵ ਸਹਾਇਤਾ ਦੇਣ ਦਾ ਵੀ ਵਾਇਦਾ ਕੀਤਾ ਗਿਆ ਸੀ। ਉਨ੍ਹਾਂ ਖੇਡ ਮੰਤਰੀ ਦਾ ਧੰਨਵਾਦ ਕਰਦਿਆਂ ਕਿਹਾ ਕਿ ਹੁਣ ਕਾਫੀ ਹੱਦ ਤੱਕ ਮੁਸ਼ਕਿਲਾਂ ਦਾ ਨਿਪਟਾਰਾ ਹੋ ਗਿਆ ਹੈ ਅਤੇ ਆਉਣ ਵਾਲੇ ਦਿਨਾਂ ਵਿੱਚ ਰਹਿੰਦੀਆਂ ਖਾਮੀਆਂ ਨੂੰ ਵੀ ਦੂਰ ਕਰ ਲਿਆ ਜਾਵੇਗਾ।

ਇਸ ਮੌਕੇ ਉਨ੍ਹਾਂ ਦੱਸਿਆ ਕਿ ਇਸ ਸਟੇਡੀਅਮ ਵਿੱਚ ਲੜਕੇ/ਲੜਕੀਆਂ ਦੇ ਬਾਥਰੂਮਾਂ ਨੂੰ ਅਪਗਰੇਡ ਅਤੇ ਰੈਨੋਵੇਟ ਕੀਤਾ ਜਾ ਚੁੱਕਾ ਹੈ ਅਤੇ ਕਬੱਡੀ ਹਾਲ ਵਿੱਚ ਪੌੜੀਆਂ ਨੂੰ ਦਰੁਸੱਤ ਕਰ ਦਿੱਤਾ ਗਿਆ ਹੈ। ਇਸੇ ਹੀ ਹਾਲ ਦੇ ਚੇਂਜਿੰਗ ਰੂਮ ਸਬੰਧੀ ਗੱਲਬਾਤ ਕਰਦਿਆਂ ਉਨ੍ਹਾਂ ਦੱਸਿਆ ਕਿ ਇਸ ਰੂਮ ਨੂੰ ਵੀ ਦਰੁੱਸਤ ਕਰਕੇ ਖਿਡਾਰੀਆਂ ਦੇ ਸੁਪਰਦ ਕਰ ਦਿੱਤਾ ਗਿਆ ਹੈ।




ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

# CLASSIFIEDS

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

## ਲੜਕੀ ਦੀ ਲੋੜ

Sikh Ramgarhia Boy, well settled family in Canada is looking for a suitable match for their 33-year-old son. Doing business in Ontario and Winnipeg. Canadian citizen, Height: 5"10', Active in Real Estate and Financing Business. Well settled family living in canada from 16 years.
Call: 204-510-7658 or 519-917-5055

Sikh Tonk kashtriya Boy Feb/1993 Born, height 5.11", B.tech in computer science, On work permit PR applied. Working as a supervisor. Looking for beautiful PR/Work permit/ Study permit girl. Caste

ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5 ਫੁੱਟ 10 ਇੰਚ, ਲੜਕੇ ਦੀ ਇਕ ਭੈਣ ਹੈ, ਆਟੋ-ਮੋਟਿਵ ਪਾਵਰ ਟੈਕਨੀਸ਼ੀਅਨ, ਆਟੋਮੋਬਾਇਲ ਇੰਡਸਟਰੀ ਵਿਚ ਮਿਕੈਨਿਕ ਦੇ ਤੌਰ 'ਤੇ ਕੰਮ ਕਰ ਰਿਹਾ ਹੈ, ਕੈਨੇਡੀਅਨ ਪੀਆਰ ਹੈ, ਲਈ ਜੱਟ ਸਿੱਖ, ਪੜ੍ਹੀ ਲਿਖੀ ਲੜਕੀ ਦੀ ਲੋੜ ਹੈ। ਲੜਕੀ ਕੈਨੇਡਾ ਵਿਚ ਵਰਕ ਪਰਮਿਟ ਉਤੇ ਹੋਵੇ, ਸਟੱਡੀ ਪਰਮਿਟ ਉਤੇ ਜਾਂ ਪੀਆਰ ਹੋਲਡਰ ਹੋਵੇ। ਸੰਪਰਕ: (289) 380-6898

ਲੁਬਾਣਾ ਸਿੱਖ ਲੜਕਾ ਕੈਨੇਡੀਅਨ ਸਿਟੀਜ਼ਨ, ਉਮਰ 29, ਹਾਈਟ 5 ਫੁੱਟ 8 ਇੰਚ, ਸੈਲਫ ਇੰਪਲਾਇਡ ਲਈ ਬੀਐੱਸਸੀ ਨਰਸਿੰਗ ਜਾਂ ਵਰਕ ਪਰਮਿਟ 'ਤੇ ਆਈ ਲੜਕੀ ਦੀ ਜ਼ਰੂਰਤ ਹੈ।ਲੁਬਾਣਾ ਬਰਾਦਰੀ ਨੂੰ ਪਹਿਲ ਦਿੱਤੀ ਜਾਵੇਗੀ।ਸੰਪਰਕ: 7093510275

Looking for a Suitable match for Khatri Punjabi boy 36 yrs old 5,6.Boy have multiple Visitor Visa. Legally Divorced after a Short Marriage no issue .Boy is in Canada right now. Sister Well Settled in Toronto. No Caste bar, looking for Canadian P.R. or Citizen Contact on 6473004877 Email :- komal1128@gmail.com

ਸਿੱਖ ਅਰੋੜਾ ਲੜਕਾ, ਇਸ ਸਮੇਂ ਵਿਜ਼ਿਟਰ ਵੀਜ਼ੇ 'ਤੇ ਕੈਨੇਡਾ ਵਿਚ, ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤੀ ਬੰਧਨ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

Well settled Punjabi Arora family seeks match for their PR son 34 years old, 6 feet tall, M.Com LLB, never smoking, never drinking, vegetarian, legally divorced after very short marriage, no relationship. Boy is almost unmarried. He is working as an officer in Leading Canadian Bank. Seeks educated family oriented girl from families in Canada/USA or new immigrant, PR, student or on work permit. Girl with very short marriage or never married will be preferred. Parents please send Bio-data and photo. Whatsapp or call at +1 9734209701, 437-770-3644 or email at ssjuneja@gmail.com.

## ਲੜਕੀ ਦੀ ਲੋੜ

ਕੈਨੇਡੀਅਨ ਸਿਟੀਜ਼ਨ, ਕੈਨੇਡਾ ਦੇ ਦੋ ਸੂਬਿਆਂ ਵਿਚ ਸਫ਼ਲ ਸਥਾਪਿਤ ਆਪਣਾ ਕਾਰੋਬਾਰ ਕਰਦੇ ਵੈੱਲ ਸੈਟਲਡ ਪਰਿਵਾਰ ਦੇ ਕੈਨੇਡਾ ਵਿਚ 16 ਸਾਲ ਤੋਂ ਰਹਿ ਰਹੇ ਲੜਕੇ, ਉਮਰ 32 ਸਾਲ, ਕੱਦ 5 ਫੁੱਟ, 10 ਇੰਚ, ਲਈ ਯੋਗ ਲੜਕੀ ਦੀ ਜ਼ਰੂਰਤ। ਸੰਪਰਕ ਕਰੋ: 204-510-7658 ਜਾਂ 437-881-7282

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5'9", ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ।
ਸੰਪਰਕ: 437-223-2664

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5'11", B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈੱਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਅੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5"8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013

ਜੱਟ ਸਿੱਖ ਲੜਕਾ ਉਮਰ 35 ਸਾਲ ਕੱਦ 5'11" ਕਨੇਡੀਅਨ ਜਮ-ਪਲ, ਗੌਰਮਿੰਟ ਨੌਕਰੀ ਕਰਦਾ ਹੈ, ਦੇ ਵਾਸਤੇ ਲੜਕੀ ਦੀ ਲੋੜ ਹੈ।ਲੜਕੀ ਸਿੱਖ ਪਰਵਾਰ ਦੀ ਹੋਵੇ ਕੋਈ ਜਾਤ ਪਾਤ ਨਹੀਂ, ਲੜਕੀ ਪੀਆਰ ਜਾਂ ਸਟੂਡੈਂਟ ਹੋਵੇ ਤਾਂ ਵੀ ਵਿਚਾਰ ਕੀਤੀ ਜਾ ਸਕਦੀ ਹੈ।ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: (647)297-6661

## ਲੜਕੇ ਦੀ ਲੋੜ

ਕੈਨੇਡਾ (ਬਰੈਪਟਨ) ਪੀ ਆਰ ਦਰਜੀ ਸਿੰਘ (ਛੀਂਬਾ) ਤਲਾਕਸ਼ੁਦਾ ਲੜਕੀ B.Sc.Nursing, 33 ਸਾਲ 5' 2" ਲਈ ਪਗੜੀਧਾਰੀ ਲੜਕੇ ਦੀ ਲੋੜ। +919417939114

Need suitable match for 58 years old Hindu (Khatri) lady (Non Manglik), Height 5'3". Seeking a trustworthy man upto 65 years. Contact :- 647-323-5428.

Qualified match for beautiful never married Punjabi Khatri girl 5'7" 35 years Software Engineer at Toronto .Canada PR. Well settled in IT job . Good family.call +16475649350 email marti.mail.20@gmail.com

Saini Sikh family seeks a suitable match for their beautiful daughter, born and raised in Canada, 36 years old, slim, 5'4" tall, has a bachelor's degree, has a good job, divorced after short marriage. The boy should be educated, well settled, handsome, Canadian born. Please send bio-data and pictures on whatsapp. Phone :- 437-288-6010. Caste no bar.

'Qualified match for beautiful never married 81 born girl, Canada PR, well settled in job with Pharma co at Toronto. Call: +16475649350, Email: skvmatri49@gmail.com

Seeking a suitable match for Canadian citizen Ramdasia Sikh (GNM). Born August 1987 and height 5'1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjotdahiya@gmail.com Contact number-+17802222608, +919988297352

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐੱਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090,
ਈਮੇਲ- Singhmanmohan2006@gmail.com

## ਲੜਕੇ ਦੀ ਲੋੜ

ਜੱਟ ਸਿੱਖ ਲੜਕੀ, ਉਮਰ 27 ਸਾਲ, ਕੱਦ 5 ਫੁੱਟ 4", ਬੀ.ਏ ਪਾਸ, ਹੇਅਰ ਐਂਡ ਸਕਿੱਨ ਕੇਅਰ ਡਿਪਲੋਮਾ (ਆਈ. ਟੀ.ਆਈ) ਕੰਪਿਊਟਰ ਡਿਪਲੋਮਾ ਇੱਕ ਸਾਲ ਕੀਤਾ ਹੋਇਆ, ਵਿਜ਼ਟਰ ਵੀਜ਼ੇ 'ਤੇ ਕੇਨੈਡਾ ਆਈ ਹੋਈ, ਲਈ ਕੈਨੇਡੀਅਨ ਜੱਟ ਸਿੱਖ ਪੀ.ਆਰ ਲੜਕੇ ਦੀ ਲੋੜ। ਸੰਪਰਕ: 1-905-451-1716, +919876533403

ਕੈਨੇਡਾ ਪੀ ਆਰ ਲੜਕੀ ਲਈ ਵਰ ਦੀ ਲੋੜ, 1991/5'3", ਲਈ ਸ਼ੁਧ ਵੈਸ਼ਨੂੰ ਲੜਕੇ ਦੀ ਲੋੜ। ਕੈਨੇਡਾ ਨੂੰ ਪਹਿਲ। ਸੰਪਰਕ: 9855238175

ਜੱਟ ਸਿੱਖ 1996/5'-3", ਇੰਟਰਨੈਸ਼ਨਲ ਬਿਜ਼ਨੈੱਸ ਮੈਨੇਜਮੈਂਟ (ਕੈਨੇਡਾ ਪੀ-ਆਰ) ਲੜਕੀ ਲਈ ਕੈਨੇਡਾ ਪੀਆਰ/ਨਾਨ-ਪੀਆਰ ਲੜਕਾ ਚਾਹੀਦਾ ਹੈ। ਮਾਲਵੇ ਨੂੰ ਤਰਜੀਹ। ਸੰਪਰਕ:9478403300

ਜੱਟ ਸਿੱਖ ਗਿੱਲ ਪਰਿਵਾਰ ਦੀ ਸੁੰਦਰ ਤੇ ਸੁਸ਼ੀਲ ਲੜਕੀ, ਜਨਮ ਮਿਤੀ 04-02-1991, ਕੱਦ 5 ਫੁੱਟ 3 ਇੰਚ, ਬੀਐਸਸੀ, ਐਮਐਸਸੀ (ਹਾਨਰਜ਼) ਬਾਇਓਫਿਜਿਕਸ + ਐਲਐਲਬੀ ਕੀਤੀ ਹੋਈ ਹੈ। ਆਈਲੈਟਸ ਵਿਚੋਂ 8 ਬੈਂਡ ਹਨ। ਐਕਸਪ੍ਰੈਸ ਐਂਟਰੀ ਵਿਚ ਇੰਡੀਆ ਤੋਂ ਕੈਨੇਡਾ ਪੀਆਰ ਦੀ ਫਾਈਲ ਲੱਗੀ ਹੋਈ ਹੈ। ਅੱਜ ਕੱਲ੍ਹ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਵਕੀਲ ਹੈ। ਲੜਕੀ ਨਾਨ ਵੈਜ ਖਾ ਲੈਂਦੀ ਹੈ। ਪੂਰਾ ਪਰਿਵਾਰ ਕੋਟਕਪੂਰਾ, ਜਿਲਾ ਫਰੀਦਕੋਟ, ਪੰਜਾਬ ਵਿਖੇ ਰਹਿ ਰਿਹਾ ਹੈ। ਨਿਊਕਲੀਅਰ ਪਰਿਵਾਰ ਹੈ, ਇਕ ਭਰਾ ਕੈਨੇਡਾ ਵਿਚ ਪੀਆਰ ਹੈ। ਲੜਕੀ ਦੇ ਪਿਤਾ ਪੰਜਾਬ ਪੁਲਸ ਵਿਚ ਨੌਕਰੀ ਕਰ ਰਹੇ ਹਨ। ਲੜਕੀ ਲਈ ਜੱਟ ਸਿੱਖ ਪਰਿਵਾਰ ਦੇ ਕੈਨੇਡਾ ਜਾਂ ਅਮਰੀਕਾ ਵਿਚ ਰਹਿੰਦੇ ਪੜ੍ਹੇ ਲਿਖੇ ਲੜਕੇ ਦੀ ਲੋੜ ਹੈ। ਸੰਪਰਕ:- ਕੈਨੇਡਾ +16476866500

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਉਮਰ 35 ਸਾਲ ਕੱਦ 5'11" ਪਤਲੀ ਰੰਗ ਗੋਰਾ, ਜਿਸ ਦੇ ਪਹਿਲੇ ਪਤੀ ਦੀ ਮੌਤ ਹੋ ਚੁਕੀ ਹੈ ਅਤੇ 9 ਸਾਲ ਦੀ ਇਕ ਲੜਕੀ ਹੈ। ਚੰਗੀ ਜਾਇਦਾਦ ਦੀ ਮਾਲਕ ਹੈ। ਲੋੜ ਪੈਣ ਤੇ 9 ਸਾਲ ਦੀ ਲੜਕੀ ਵੀ ਉਸ ਦੀ ਭੈਣ ਦੁਆਰਾ ਅਡਾਪਟ ਕੀਤੀ ਜਾ ਸਕਦੀ ਹੈ, ਲਈ ਅਮਰੀਕਨ ਜਾਂ ਕਨੇਡੀਅਨ ਇੰਮੀਗਰਾਂਟ ਵਰ ਦੀ ਲੋੜ ਹੈ। ਜਿਆਦਾ ਜਣਕਾਰੀ ਲਈ ਹੇਠ ਲਿਖੇ ਨੰ ਤੇ ਸੰਪਰਕ ਕੀਤਾ ਜਾ ਸਕਦਾ ਹੈ। 1-780-604-6580

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5'2" ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664

ਜੱਟ ਸਿਖ ਲੜਕੀ, ਉਮਰ 33 ਸਾਲ, ਕੱਦ 5 ਫੁੱਟ 4 ਇੰਚ, ਇੰਡੀਆ ਤੋਂ MBA ਅਤੇ ਕੈਨੇਡਾ ਤੋਂ Marketing Management, Food Media ਦੀ ਪੜ੍ਹਾਈ ਕੀਤੀ ਹੋਈ ਹੈ। ਇੱਥੇ Health Care Screener ਦੇ ਤੌਰ 'ਤੇ ਕੰਮ ਕਰਦੀ ਹੈ, ਲਈ ਕੈਨੇਡੀਅਨ ਜਾਂ ਅਮਰੀਕਨ PR/Citizen ਲੜਕੇ ਦੀ ਲੋੜ ਹੈ। ਸੰਪਰਕ: 437-332-8422 E-mail : puneetasra17october@gmail.com













# ‘ਬਸਰੇ ਦੀ ਲਾਮ’ ਵਿੱਚ ਖਿੱਚੇ ਜਾਣ ਤੋਂ ਭਾਰਤ ਨੂੰ ਬਚਣਾ ਚਾਹੀਦੈ



ਜਤਿੰਦਰ ਪੰਨੂ

ਦੁਨੀਆ ਭਰ ਵਿੱਚ ਇਹੋ ਜਿਹੇ ਬਹੁਤ ਲੋਕ ਮਿਲ ਸਕਦੇ ਹਨ, ਜਿਹੜੇ ਕਹਿੰਦੇ ਹਨ ਕਿ ਅੱਗ ਨਾਲ ਖੇਡਣਾ ਆਖਰ ਨੂੰ ਚੰਗਾ ਸਾਬਤ ਨਹੀਂ ਹੋਇਆ ਕਰਦਾ। ਇਤਿਹਾਸ ਦੀ ਤ੍ਰਾਸਦੀ ਇਹ ਹੈ ਕਿ ਜਿਨ੍ਹਾਂ ਲੋਕਾਂ ਨੇ ਸੰਸਾਰ ਨੂੰ ਇਹ ਸਮਝਾਉਣ ਦਾ ਯਤਨ ਕੀਤਾ ਕਿ ਅੱਗ ਨਾਲ ਖੇਡਣਾ ਮਾੜਾ ਹੁੰਦਾ ਹੈ, ਉਹੋ ਜਿਹੇ ਕਈ ਲੋਕ ਇਹ ਗੱਲ ਕਹਿਣ ਤੋਂਬਾਅਦ ਜਾਂ ਕਹਿਣ ਤੋਂ ਪਹਿਲਾਂ ਖੁਦ ਅੱਗ ਨਾਲ ਖੇਡ ਕੇ ਵੇਖ ਚੁੱਕੇ ਜਾਂ ਖੇਡਣ ਦਾ ਸ਼ੌਕ ਪੂਰਾ ਕਰਨ ਚੱਲ ਪੈਂਦੇ ਰਹੇ ਸਨ। ਸਮਰਾਟ ਅਸ਼ੋਕ ਨੂੰ ਸ਼ਾਂਤੀ ਦਾ ਪੁਜਾਰੀ ਕਿਹਾ ਜਾਂਦਾ ਹੈ, ਪਰ ਕਾਲਿੰਗਾ ਦੀ ਜੰਗ ਦਾ ਇਤਿਹਾਸ ਪੜ੍ਹਿਆ ਜਾਵੇ ਤਾਂ ਇਹ ਸਮਝ ਪੈਂਦੀ ਹੈ ਕਿ ਜਦੋਂ ਦੂਸਰਿਆਂ, ਮਾੜਿਆਂ-ਧੀੜਿਆਂ ਤੇ ਕਮਜ਼ੋਰ ਰਿਆਸਤਾਂ ਵਾਲਿਆਂ ਨੂੰ ਕੁੱਟ ਲਿਆ ਤਾਂ ਉਨ੍ਹਾਂ ਸਭਨਾਂ ਨੂੰ ਵਿਰੋਧ ਕਰਨ ਜੋਗੇ ਨਾ ਛੱਡਣ ਮਗਰੋਂ ਉਹ ਸ਼ਾਂਤੀ ਦਾ ਪੁਜਾਰੀ ਬਣ ਗਿਆ ਸੀ। ਇਤਿਹਾਸ ਦਾ ਇਹ ਬਿਰਤਾਂਤ ਸਦੀਆਂ ਦੇ ਪੈਂਡੇ ਗਾਹੁਣ ਪਿੱਛੋਂ ਵੀ ਜਾਰੀ ਹੈ, ਮੋਰਚੇ ਬਦਲਦੇ ਅਤੇ ਮੋਰਚਿਆਂ ਦੇ ਸਿਪਾਹੀ ਬਦਲਦੇ ਹਨ, ਜੰਗਾਂ ਦੀ ਲੜੀ ਨਹੀਂ ਟੁੱਟਦੀ।

ਸਾਡੀ ਪੀੜ੍ਹੀ ਦੇ ਲੋਕਾਂ ਵੱਲੋਂ ਸੁਰਤ ਸੰਭਾਲਣ ਤੱਕ ਇਹ ਚਰਚਾ ਸੁਣਨ ਨੂੰ ਮਿਲਦੀ ਸੀ ਕਿ ਬਸਰੇ ਦੀ ਲਾਮ ਜਦੋਂ ਲੱਗਗਈ ਤਾਂ ਪਿੰਡਾਂ ਵਿੱਚੋਂ ਪੱਗ-ਬੰਨ੍ਹਗੱਭਰੂਆਂ ਨੂੰ ਧੱਕੋ-ਧੱਕੀ ਭਰਤੀ ਕਰ ਕੇ ਉਸ ਲਾਮ ਦੇ ਮੋਰਚੇ ਉੱਤੇ ਲੜਨ ਅਤੇ ਮਰਨ ਲਈ ਭੇਜਿਆ ਜਾਂਦਾ ਰਿਹਾ ਸੀ। ਉਨ੍ਹਾਂ ਦੇ ਜਾਣ ਵੇਲੇ ਘਰ ਮੁੜ ਕੇ ਆਉਣ ਦਾ ਯਕੀਨ ਨਹੀਂ ਸੀ ਹੁੰਦਾ ਅਤੇ ਓਦੋਂ ਜੰਗ ਵਿੱਚ ਮਰਨ ਵਾਲਿਆਂ ਦੀਆਂ ਲਾਸ਼ਾਂ ਵੀਜ਼ਾ ਵਾਂਗ ਘਰ ਨਹੀਂ ਸੀਭੇਜੀਆਂ ਜਾਂਦੀਆਂ। ਸਿਰਫ ਸੁਨੇ-ਹਾ ਮਿਲਦਾ ਹੁੰਦਾ ਸੀ ਕਿ ਫਲਾਣਾ ਬੰਦਾ ਫਲਾਣੇ ਮੋਰਚੇ ਉੱਤੇ ਮਾਰਿਆ ਗਿਆ। ਵਾਰਸ ਦਿਲ ਕਰੜਾ ਕਰ ਕੇ ਜਰ ਲੈਂਦੇ ਹੁੰਦੇ ਸਨ। ਉਹ ਤਾਂ ਹਾਲਾਤ ਅਸੀਂ ਸਿਰਫ ਸੁਣੇ ਸਨ, ਪਾਕਿਸਤਾਨ ਨਾਲ ਪਹਿਲੀ ਜੰਗ ਦਾ ਮਾੜਾ-ਮੋਟਾ ਜਿਹਾ ਚੇਤਾ ਹੈ, ਦੂਸਰੀ ਜੰਗ ਦੌਰਾਨ ਬੰਗਲਾ ਦੇਸ਼ ਜਦੋਂ ਬਣਿਆ, ਓਦੋਂ ਅਸੀਂ ਪੂਰੀ ਹੋਸ਼ ਵਿੱਚ ਸਾਂ। ਜੰਗਾਂ ਵਿੱਚ ਚੱਲਦੇ ਗੋਲਿਆਂ ਦਾ ਖੜਾਕ ਚੇਤੇ ਹੈ ਤੇ ਜੰਗੀ ਕੈਦੀਆਂ ਦੀਆਂ ਗੱਡੀਆਂ ਲੰਘੀਆਂ ਦਾ ਵੀ ਚੇਤਾ ਹੈ। ਜਿਹੜੇ ਭਾਰਤੀ ਫੌਜੀ ਪਾਕਿਸਤਾਨ ਦੀ ਕੈਦ ਵਿੱਚ ਚਲੇ ਗਏ, ਉਨ੍ਹਾਂ ਦੇ ਪਰਵਾਰਾਂ ਵਿੱਚੋਂ ਕੁਝ ਨੂੰ ਮਿਲਣ ਦਾ ਸਬੱਬ ਓਦੋਂ ਵੀ ਬਣਿਆ ਸੀ ਤੇ ਉਸ ਔਰਤ ਨੂੰ ਵੀ ਕੁਝ ਸਾਲ ਪਹਿਲਾਂ ਮਿਲਿਆ ਸਾਂ, ਜਿਸ ਦਾ ਪਤੀ ਉਸ ਜੰਗ ਵਿੱਚ ਗੁੰਮ ਹੋ ਗਿਆ ਅਤੇ ਅੱਜ ਬਵੰਜਾ ਸਾਲ ਬਾਅਦ ਵੀ ਗੁੰਮਨਾਮ ਚਿੱਠੀਆਂ ਮਿਲਣ ਤੋਂ ਪਤਾ ਲੱਗਦਾ ਹੈ ਕਿ ਜਿੰਦਾ ਹੈ। ਪਾਕਿਸਤਾਨੀ ਫੌਜ ਨੇ ਓਦੋਂ ਬੇਈਮਾਨੀ ਕੀਤੀ, ਭਾਰਤ ਦੇ ਸਾਰੇ ਜੰਗੀ ਕੈਦੀ ਦੇਣ ਦੀ ਥਾਂ ਓਥੋਂ ਦੇ ਜਰਨੈਲਾਂ ਨੇ ਕੁਝ ਸਖਤ ਜੁੱਸੇ ਵਾਲਿਆਂ ਨੂੰ ਬਾਹਰੋ-ਬਾਹਰ ਆਪਣੇ ਖੇਤੀ ਫਾਰਮਾਂ ਵਿੱਚ ਪੁਚਾਇਆ ਸੀ ਤੇ ਅੱਜ ਤੱਕ ਬੰਧੂਆ ਮਜ਼ਦੂਰ ਬਣਾ ਕੇ ਉਨ੍ਹਾਂ ਤੋਂ ਕੰਮ ਕਰਾਈ ਜਾਂਦੇ ਹਨ। ਜਦੋਂ ਕੋਈ ਭਾਰਤੀ ਕੈਦੀ ਓਥੋਂ ਛੁੱਟਦਾ ਹੈ ਤਾਂ ਬਹੁਤ ਕੁਝ ਦੱਸਦਾ ਹੈ, ਪਰ ਭਾਰਤ ਸਰਕਾਰ ਦੇ ਦਖਲ ਦੇ ਬਾਵਜੂਦ ਪਾਕਿਸਤਾਨ ਸਰਕਾਰ ਇਸ ਸੱਚ ਨੂੰ ਨਹੀਂ ਮੰਨਦੀ।

ਅਸੀਂ ਉਨ੍ਹਾਂ ਲੋਕਾਂ ਵਿੱਚੋਂ ਹਾਂ, ਜਿਹੜੇ ਸਰਕਾਰਾਂ ਦੇ ਕੰਮਾਂ ਵਿੱਚ ਦਖਲ ਨਹੀਂ ਦੇ ਸਕਦੇ, ਪਰ ਇਹੋ ਜਿਹੇ ਭਾਣੇ ਨੂੰ ਜਾਂ ਤਾਂ ਭੁਗਤਦੇ ਹਨ ਜਾਂ ਭੁਗਤਣ ਤੋਂ ਬਚੇ ਰਹਿਣ ਤਾਂ ਜੰਗਾਂ ਦੀ ਗੰਭੀਰਤਾ ਜਾਣਦੇ ਅਤੇ ਇਸ ਗੱਲ ਲਈ ਆਵਾਜ਼ ਚੁੱਕਦੇ ਹਨ ਕਿ ਇਹਕੁਝ ਮੁੜ-ਮੁੜ ਨਹੀਂ ਹੋਣਾ ਚਾਹੀਦਾ। ਸਾਨੂੰ ਜਦੋਂ ਬਚਪਨ ਵਿੱਚ ਬਸਰੇ ਦੀ ਲਾਮ ਬਾਰੇ ਦੱਸਿਆ ਜਾਂਦਾ ਸੀ, ਓਦੋਂ ਪਹਿਲੀ ਤੇ ਦੂਸਰੀ ਸੰਸਾਰ ਜੰਗ ਦਾ ਪਤਾ ਨਹੀਂ ਸੀ ਤੇ ਜਦੋਂ ਜੰਗਾਂ ਦਾ ਪਤਾ ਲੱਗਾ ਤਾਂ ਬਹੁਤ ਕੁਝ ਹੋਰ ਇਹੋ ਜਿਹਾ ਸਮਝ ਦਾ ਹਿੱਸਾ ਬਣਿਆ, ਜਿਹੜਾ ਦੱਸਦਾ ਸੀ ਕਿ ਆਪਣੇ ਆਪ ਨੂੰ ਸੱਭਿਅਕ ਕਹਾਉਣ ਵਾਲਾ ਮਨੁੱਖ ਜਦੋਂ ਵਹਿਸ਼ੀਪੁਣੇ ਉੱਤੇ ਆ ਜਾਵੇ ਤਾਂ ਕਿਸੇ ਵੀ ਹੱਦ ਤੱਕ ਜਾ ਸਕਦਾ ਹੈ। ਹਿਟਲਰ ਤੇ ਉਸ ਦੇ ਜੰਗਬਾਜ਼ ਸਾਥੀਆਂ ਨੇ ਜਿਹੜਾ ਵਹਿਸ਼ੀਪੁਣਾ ਕੀਤਾ ਸੀ, ਉਹ ਜਿਹੜੇ ਲੋਕਾਂ ਨੇ ਭੁਗਤਿਆ, ਉਹ ਸਾਰੀ ਉਮਰ ਉਸ ਦਾ ਚੇਤਾ ਕਰ ਕੇ ਕੰਬ ਜਾਂਦੇ ਰਹੇ ਸਨ, ਪਰ ਉਨ੍ਹਾਂ ਪੀੜਤਾਂ ਦੀ ਅਗਲੀ ਪੀੜ੍ਹੀ ਵੀ ਅਜੋਕੇ ਹਾਲਾਤ ਵਿੱਚ ਓਦੋਂ ਦੇ ਸਬਕ ਸਿੱਖਣ ਤੇ ਸਮਝ ਕੇ ਚੱਲਣ ਦੀ ਥਾਂ ਜਾਂ ਹਿਟਲਰ ਦੇ ਪੈਰੋਕਾਰ ਬਣੀਜਾਂ ਉਨ੍ਹਾਂ ਦੇ ਬਦਲੇ ਦੀ ਅੱਗ ਵਿੱਚ ਸੜ ਰਹੀ ਹੈ। ਇਹੋ ਕਾਰਨ ਹੈ ਕਿ ਦੋ ਸੰਸਾਰ ਜੰਗਾਂ ਦੀ ਤਬਾਹੀ ਹੋਈ ਵੇਖਣ ਮਗਰੋਂਜਿਹੜੀ ਦੁਨੀਆ ਅੱਗੋਂ ਵਾਸਤੇ ਅਮਨ ਲਈ ਆਸ ਕਰਨ ਲੱਗ ਪਈ ਸੀ, ਨਵੇਂ ਹਾਲਾਤ ਵਿੱਚ ਫਿਰ ਓਸੇ ਤਰ੍ਹਾਂ ਦੇ ਸੰਸਿਆਂ ਤੇ ਸ਼ੰਕਿਆਂ ਦੇ ਵਲਾਵੇਂ ਵਿੱਚ ਆਉਂਦੀ ਦਿੱਸ ਰਹੀ ਹੈ। ਰੂਸ ਅਤੇ ਯੂਕਰੇਨ ਦੀ ਜੰਗ ਇਸ ਦਾ ਪਹਿਲਾ ਚਿੰਗਾੜਾ ਸੀ ਤੇ ਇਸਰਾਈਲ-ਫਲਸਤੀਨ ਜੰਗ ਦੂਸਰਾ ਚਿੰਗਾੜਾ ਬਣਦੀ ਲੱਗਦੀ ਹੈ।

ਵੱਡੀਆਂ ਤਾਕਤਾਂ ਨੂੰ ਇਨ੍ਹਾਂ ਜੰਗਾਂ ਦੀ ਚਿੰਤਾ ਨਹੀਂ, ਸਿਰਫ ਚਿੰਤਾ ਦਾ ਵਿਖਾਵਾ ਕਰਦੀਆਂ ਹਨ, ਅਸਲ ਵਿੱਚ ਉਨ੍ਹਾਂ ਲਈ ਇਹ ਜੰਗਾਂ ਵੀ ਮੁਨਾਫੇ ਦਾ ਸੌਦਾ ਹਨ। ਜਿਹੜੀ ਧਿਰ ਦੀ ਮਦਦ ਕਰਨੀ ਹੈ, ਉਸ ਨੂੰ ਕੁਝ ਹਥਿਆਰ ਭੇਜ ਕੇ ਸੰਸਾਰ ਦੇ ਬਾਕੀ ਦੇਸ਼ਾਂ ਅੱਗੇ ਉਨ੍ਹਾਂ ਹਥਿਆਰਾਂ ਨੂੰ ਚੱਲਦੇ ਵਿਖਾ ਕੇ ਪ੍ਰਦਰਸ਼ਨੀ ਕਰਨੀ ਹੈ ਤਾਂ ਕਿ ਉਨ੍ਹਾਂ ਦਾ ਮਾਰੂ-ਪੁਣਾ ਸਮਝਣ ਦੇ ਬਾਅਦ ਉਹ ਦੇਸ਼ ਇਸ ਮਾਲ ਨੂੰ ਖਰੀਦਣ ਲਈ ਆਪਣੇ ਲੋਕਾਂ ਦੀ ਕਮਾਈ ਦੀ ਛੱਲੀ-ਪੂਣੀ ਦਾਅ ਉੱਤੇ ਲਾਈ ਜਾਣ। ਯੂਕਰੇਨੀ ਲੋਕ ਮੌਤ ਦੇ ਮੂੰਹ ਆਏ ਤਾਂ ਇਨ੍ਹਾਂ ਤਾਕਤਾਂ ਨੇ ਹਥਿਆਰਾਂ ਦੀ ਪ੍ਰਦਰਸ਼ਨੀ ਦਾ ਚੋਖਾ ਕੰਮ ਕਰ ਲਿਆ, ਰਹਿੰਦਾ ਕੰਮ ਇਸਰਾਈਲ ਦੀ ਜੰਗ ਵਿੱਚ ਚੱਲਦੇ ਹਥਿਆਰਾਂ ਦੀਆਂ ਸੀਡੀਜ਼ ਵਿਖਾ ਕੇ ਹੋ ਜਾਣਾ ਹੈ। ਪ੍ਰਚਾਰਿਆ ਇਹ ਜਾਂਦਾ ਹੈ ਕਿ ਆਰਾਮ ਨਾਲ ਵੱਸਦੇ ਇਸਰਾਈਲ ਉੱਤੇ ਹਮਾਸ ਵਾਲਿਆਂ ਨੇ ਐਵੇਂ ਹਮਲਾ ਕਰ ਦਿੱਤਾ ਤੇ ਇਸਰਾਈਲ ਆਪਣੇ ਬਚਾਅ ਦੀ ਲੜਾਈ ਲੜ ਰਿਹਾ ਹੈ, ਪਰ ਜਿਹੜੇ ਅਰਬ ਦੇਸ਼ਾਂ ਨਾਲ ਦੁਨੀਆ ਦੀ ਇਕਲੌਤੀ ਮਹਾਂਸ਼ਕਤੀ ਅਖਵਾਉਂਦੇ ਅਮਰੀਕਾ ਦਾ ਬਾਹਲਾ ਨੇੜ ਹੋ ਚੁੱਕਾ ਸੀ, ਉਹ ਝਾਂਸੇ ਵਿੱਚ ਨਹੀਂ ਆਏ। ਉਨ੍ਹਾਂ ਵਿੱਚੋਂ ਕੁਝ ਦੇਸ਼ ਖੁੱਲ੍ਹੇ ਰੂਪ ਵਿੱਚ ਅਤੇ ਕੁਝ ਚੁੱਪ ਰਹਿ ਕੇ ਵੀ ਉਸ ਧਿਰ ਦੀ ਮਦਦ ਕਰਦੇ ਹਨ, ਜਿਹੜੀ ਇਸ ਵਕਤ ਮਾਰ ਹੇਠ ਹੈ। ਸੰਸਾਰ ਦੀ ਪੰਚਾਇਤ ਦਾ ਰੂਪ ਸਮਝੀ ਜਾਂਦੀ ਯੂ ਐੱਨ ਓ ਦੇ ਸੈਕਟਰੀ ਜਨਰਲ ਨੇ ਇਸਰਾਈਲ ਵੱਲੋਂ ਤਾਕਤ ਦੀ ਬੇਲਗਾਮ ਵਰਤੋਂ ਦੀ ਨਿੰਦਾ ਕੀਤੀ ਤਾਂ ਇਸ ਨੂੰ ਵੀ ਇਸਰਾਈਲ ਦੇ ਜੰਗਬਾਜ਼ਾਂ ਨੇ ਆਪਣੇ ਖਿਲਾਫ ‘ਹਮਲਾਵਰ ਧਿਰ’ ਦੀ ਮਦਦ ਕਰਨਾ ਮੰਨ ਕੇ ਸੰਸਾਰ ਦੀ ਇਸ ਸਰਬ ਸਾਂਝੀ ਜਥੇਬੰਦੀ ਦੇ ਅਹੁਦੇਦਾਰਾਂ ਅਤੇ ਕਰਮਚਾਰੀਆਂ ਲਈ ਵੀਜ਼ੇ ਦੇਣੇ ਬੰਦ ਕਰ ਦਿੱਤੇ ਹਨ। ਪਿੰਡਾਂ ਵਿੱਚ ਇਸ ਤਰ੍ਹਾਂ ਦੀ ਹਰਕਤ ਨੂੰ ‘ਵਿਓ’ ਵਿੱਚ ਆਉਣਾ ਅਤੇ ਸਮੁੱਚੇ ਪਿੰਡ ਨੂੰ ‘ਟਿੱਚ ਜਾਣਨਾ’ ਕਹਿੰਦੇ ਹਨ। ਏਦਾਂ ਦਾ ਕੰਮ ਕਰਨ ਵਾਲੇ ਬੰਦੇ ਦੀ ਪਿੱਠ ਉੱਤੇ ਕਿਸੇ ਵੱਡੀ ਧਿਰ ਦੀ ਸ਼ਹਿ ਹੁੰਦੀ ਹੈ। ਇਸਰਾਈਲ ਕਿਹੜੀ ਖਾਸ ਧਿਰ ਦੀ ਸ਼ਹਿ ਉੱਤੇ ਏਡੀ ਹਮਲਾਵਰੀ ਕਰਦਾ ਹੈ ਜਾਂ ਕਿਸ ਦੀ ਸ਼ਹਿ ਉੱਤੇ ਸੰਸਾਰ ਦੀ ਪੰਚਾਇਤ ਨੂੰ ਅੱਖਾਂ ਵਿਖਾਉਂਦਾ ਹੈ, ਸਾਰੀ ਦੁਨੀਆ ਜਾਣਦੀ ਹੈ।

ਅਕਤੂਬਰ ਦਾ ਆਖਰੀ ਹਫਤਾ ਤਾਂ ਇੱਕ ਹੋਰ ਪੜਾਅ ਪਾਰ ਕਰਨ ਵਾਲਾ ਸਾਬਤ ਹੋਇਆ ਹੈ। ਅਮਰੀਕਾ ਨੇ ਇਸ ਹਫਤੇ ਦੌਰਾਨ ਅਚਾਨਕ ਸੀਰੀਆ ਉੱਤੇ ਵੀ ਹਵਾਈ ਹਮਲਾ ਜਾ ਕੀਤਾ ਹੈ। ਇਸ ਵੇਲੇ ਇੱਕ ਪਾਸੇ ਉਸ ਦੇ ਇਸ਼ਾਰੇ ਉੱਤੇ ਯੂਕਰੇਨ ਦੀ ਸਰਕਾਰ ਗਵਾਂਢ ਵਿਚਲੀ ਸੰਸਾਰ ਪੱਧਰੀ ਤਾਕਤ ਰੂਸ ਨਾਲ ਆਢਾ ਲਾਈ ਬੈਠੀ ਹੈ। ਦੂਜੇ ਪਾਸੇ ਇਸਰਾਈਲ ਨੂੰ ਇਹ ਥਾਪੜਾ ਦੇ ਰੱਖਿਆ ਹੈ ਕਿ ਫਲਸਤੀਨੀਆਂਦੇ ਖਿਲਾਫ ਜੋ ਮਰਜ਼ੀ ਕਰੀ ਜਾਵੇ, ਸੰਸਾਰ ਦੀ ਪੰਚਾਇਤ ਜਦੋਂ ਕਦੀ ਕੋਈ ਮਤਾ ਉਸ ਦੇ ਖਿਲਾਫ ਪਾਸ ਕਰਨ ਲੱਗੇਗੀ, ਭਾਵੇਂ ਅਮਨ ਦੀ ਅਪੀਲ ਹੀ ਹੋਵੇ, ਅਮਰੀਕਾ ਉਸ ਨੂੰ ਪਾਸ ਕਰਨ ਤੋਂ ਰੋਕਣ ਲਈ ਵੀਟੋ ਤਾਕਤ ਵਰਤੋਂ ਕਰੇਗਾ। ਰਹੀ ਕਸਰ ਅਮਰੀਕਾ ਵੱਲੋਂ ਇੱਕ ਹੋਰ ਜੰਗ, ਸੀਰੀਆ ਉੱਤੇ ਹਵਾਈ ਹਮਲੇ ਵਾਲੀ ਜੰਗ, ਵੀ ਪੂਰੀ ਕਰ ਸਕਦੀ ਹੈ ਅਤੇ ਲੱਗਦਾ ਹੈ ਕਿ ਇਹ ਚੋਖੀ ਅੱਗੇ ਵਧ ਸਕਦੀ ਹੈ। ਜੇ ਇਹ ਵਧਦੀ ਗਈ ਤਾਂ ਪਹਿਲੀਆਂ ਚੱਲ ਰਹੀਆਂ ਦੋ ਜੰਗਾਂ ਤੋਂ ਵੀ ਸੰਸਾਰ ਦੇ ਅਮਨ ਲਈ ਵੱਧ ਖਤਰਨਾਕ ਹੋ ਸਕਦੀ ਹੈ। ਅਮਰੀਕਾ ਪਹਿਲਾਂ ਵੀ ਜਦੋਂ ਕਿਸੇ ਜੰਗ ਵਿੱਚ ਕੁੱਦ ਪਵੇ, ਉਹ ਵੀਅਤਨਾਮ ਉੱਤੇ ਕਬਜ਼ੇ ਦੀ ਜੰਗ ਹੋਵੇ ਜਾਂ ਇਰਾਕ ਉੱਤੇ ਕਬਜ਼ੇ ਵਾਲੀ ਤੇ ਜਾਂ ਫਿਰ ਅਫਗਾਨਿਸਤਾਨ ਵਿੱਚ ਜਾ ਵੜਨ ਵਾਲੀ, ਜਿੱਤ ਭਾਵੇਂ ਉਹਕਦੇ ਨਹੀਂ ਸਕਿਆ, ਹਰ ਵਾਰੀ ਕੁੱਟ ਖਾਣ ਪਿੱਛੋਂ ਵਾਪਸ ਆਉਣ ਦਾ ਰਾਹ ਲੱਭਦਾ ਰਿਹਾ ਹੈ, ਪਰ ਉਹ ਜੰਗ ਕਦੇ ਕਦੀ ਛੇਤੀ ਨਹੀਂ ਸਮੇਟੀ ਗਈ, ਲਮਕਵੀਂ ਜੰਗ ਹੁੰਦੀ ਹੈ। ਇਸ ਵਾਰੀ ਉਹ ਜਦੋਂ ਸੀਰੀਆ ਵੱਲ ਗਿਆ ਹੈ ਤਾਂ ਸਮਝ ਲੈਣਾ ਚਾਹੀਦਾ ਹੈ ਕਿ ਮੋਰਚਾ ਇਹ ਵੀ ਲੰਮਾ ਹੋ ਸਕਦਾ ਹੈ।


ਇਹ ਵਕਤ ਭਾਰਤ ਅਤੇ ਉਸ ਵਰਗੇ ਹੋਰ ਦੇਸ਼ਾਂ ਲਈ ਬੜਾ ਸੰਭਲ ਕੇ ਚੱਲਣ ਦਾ ਹੈ। ਪਿਛਲੇ ਸਮੇਂ ਵਿੱਚ ਭਾਰਤ ਸਰਕਾਰ ਨੇ ਮੌਜੂਦਾ ਹਕੂਮਤ ਹੇਠ ਹੋਰ ਕਈ ਗੱਲਾਂ ਦੇ ਨਾਲ ਅਮਰੀਕਾ ਦੀ ਨੇੜਤਾ ਫੌਜੀ ਖੇਤਰ ਵਿੱਚ ਵੀ ਬਹੁਤ ਵਧਾਈ ਹੈ। ਇੱਕ ਦੂਸਰੇ ਦੇ ਹਵਾਈ ਅੱਡੇ ਵਰਤਣ ਤੱਕ ਦੀ ਸਹਿਮਤੀ ਦੀਆਂ ਗੱਲਾਂ ਸੁਣੀਆਂ ਗਈਆਂ ਹਨ। ਅਮਰੀਕਾ ਜਦੋਂ ਕਦੀ ਏਸ਼ੀਆ ਵਿੱਚ ਕਿਸੇ ਥਾਂ ਰੱਫੜ ਪਾਉਣ ਲਈ ਆਵੇਗਾ, ਉਸ ਨੂੰ ਭਾਰਤ ਦੀ ਲੋੜ ਪੈ ਸਕਦੀ ਹੈ, ਭਾਰਤ ਨੂੰ ਕਦੇ ਵੀ ਉਸ ਦੇ ਗਵਾਂਢ ਵਿੱਚ ਜਾ ਕੇ ਕਿਸੇ ਨਾਲ ਲੜਨ ਦੀ ਲੋੜ ਨਹੀਂ ਪੈਣ ਲੱਗੀ ਤੇ ਅਮਰੀਕੀ ਸਾਂਝ ਵੀ ਇਹੋ ਜਿਹੇ ਸਮੇਂ ਕੰਮ ਨਹੀਂ ਆ ਸਕਦੀ। ਜਦੋਂ ਇਹੋ ਜਿਹਾ ਸਮਾਂ ਕਦੇ ਨਹੀਂ ਆਉਣਾ ਤਾਂ ਇਹ ਸਾਂਝ ਬੇਲੋੜੀ ਹੈ। ਆਜ਼ਾਦੀ ਮਿਲਣ ਤੋਂ ਬਾਅਦ ਲੰਮਾ ਸਮਾਂ ਭਾਰਤ ਦੁਨੀਆ ਵਿੱਚ ਇੱਕ ਜਾਂ ਦੂਸਰੀ ਵੱਡੀ ਤਾਕਤ ਦਾ ਪਿਛਲੱਗ ਬਣਨ ਦੀ ਥਾਂ ਗੁੱਟ ਨਿਰਪੱਖ ਦੇਸ਼ਾਂ ਦੇ ਗਰੁੱਪ ਦੇ ਮੋਹਰੀ ਵਜੋਂ ਪਛਾਣਿਆ ਜਾਂਦਾ ਰਿਹਾ ਸੀ। ਇਸ ਵਕਤ ਉਸ ਦੀ ਇੱਹ ਦਿੱਖ ਨਹੀਂ ਰਹੀ, ਦੁਨੀਆ ਦੇ ਬਹੁਤ ਸਾਰੇ ਦੇਸ਼ ਅੱਜ ਓਸੇ ਭਾਰਤ ਨੂੰ ਅਮਰੀਕਾ ਦੀ ਚੁੱਪ ਹਮਾਇਤ ਵਾਲਾ ਸਮਝਦੇ ਜਾਪਦੇ ਹਨ। ਇਸਰਾਈਲ-ਫਲਸਤਾਨ ਵਾਲੇ ਮੋਰਚੇ ਬਾਰੇ ਭਾਰਤ ਸਰਕਾਰ ਦਾ ਸਟੈਂਡ ਗੁੱਟ-ਨਿਰਪੱਖਤਾ ਵਾਲਾ ਨਹੀਂ ਦਿੱਸਦਾ, ਸਗੋਂ ਇਸਰਾਈਲ-ਅਮਰੀਕਾ ਧਿਰ ਵੱਲ ਨੂੰ ਝੁਕਿਆ ਦਿਖਾਈ ਦੇਂਦਾ ਹੈ। ਇਹ ਨਹੀਂ ਸੀ ਹੋਣਾ ਚਾਹੀਦਾ, ਪਰ ਲੋਕ ਸਮਝਦੇ ਹਨ ਕਿ ਇਹ ਹੋ ਰਿਹਾ ਹੈ। ਕੱਲ੍ਹ ਨੂੰ ਇਸ ਸਟੈਂਡ ਦੇ ਕਾਰਨ ਭਾਰਤ ਨਾ ਚਾਹੁੰਦੇ ਹੋਏ ਵੀ ਜੰਗ ਵਿੱਚ ਧੂਹਿਆ ਗਿਆ ਤਾਂ ਭਾਰਤ ਦੇ ਲੋਕ ਦੁਖੀ ਹੋਣਗੇ।

ਸੰਸਾਰ ਇਤਿਹਾਸ ਦੇ ਸਿਆਣੇ ਬੰਦਿਆਂ ਬਾਰੇ ਅਸੀਂ ਪਹਿਲਾਂ ਕਹਿ ਚੁੱਕੇ ਹਾਂ ਕਿ ਉਹ ਕਹਿੰਦੇ ਸਨ ਕਿ ਅੱਗ ਨਾਲ ਖੇਡਣਾ ਚੰਗਾ ਨਹੀਂ ਹੋਇਆ ਕਰਦਾ। ਸਮਾਂ ਪਾ ਕੇ ਉਹ ਹੀ ਸਿਆਣੇ ਬੰਦੇ ਅੱਗ ਨਾਲ ਖੇਡ ਵੀ ਲੈਂਦੇ ਸਨ। ਭਾਰਤ ਅੱਜ ਦੇ ਹਾਲਾਤ ਵਿੱਚ ਇਹੋ ਜਿਹੇ ਕਿਸੇ ਸ਼ੌਕ ਤੋਂ ਬਚਿਆ ਰਹੇ ਤਾਂ ਚੰਗਾ ਹੈ। ਸਮਾਜ ਵਿੱਚ ਕੁਝ ਲੋਕਾਂ ਬਾਰੇ ਇਹ ਸੁਣੀਂਦਾ ਹੈ ਕਿ ਉਨ੍ਹਾਂ ਦਾ ਨੇੜ ਵੀ ਮਾੜਾ ਤੇ ਉਨ੍ਹਾਂ ਨਾਲ ਵਿਗਾੜ ਵੀ ਮਾੜਾ ਹੈ। ਇਹੋ ਗੱਲ ਦੁਨੀਆ ਦੇ ਕੁਝ ਵੱਡ-ਤਾਕਤੀ ਵਹਿਮ ਵਾਲੇ ਦੇਸ਼ਾਂ ਬਾਰੇ ਠੀਕ ਮੰਨੀ ਜਾ ਸਕਦੀ ਹੈ। ਏਦਾਂ ਦੇ ਲੋਕਾਂ ਦਾ ਚਿਹਰਾ ਅਮਰੀਕਾ ਨੂੰ ਮੰਨਿਆ ਜਾ ਸਕਦਾ ਹੈ। ਭਾਰਤ ਨੂੰ ਏਦਾਂ ਦੇ ਦੇਸ਼ਾਂ ਨਾਲ ਦੂਰੀ ਨਹੀਂ ਰੱਖਣੀ ਚਾਹੀਦੀ, ਪਰ ਚੇਤੇ ਰੱਖਣਾ ਚਾਹੀਦਾ ਹੈ ਕਿ ਇਨ੍ਹਾਂ ਦਾ ਨੇੜ ਵੀ ਚੰਗਾ ਨਹੀਂ।













ASIAN FOOD CENTRE
Diwali SALE
WE HAVE LARGE QUANTITY OF DIYA
www.AsianFoodCentre.com
27TH OCT TO 13TH NOV 2023
Fresh Fruits, Vegetables, Indian & Canadian Grocery
$11.99 MEERA WHOLE WHEAT ATTA
$13.99 SHER MULTIGRAIN ATTA
$12.99 QUALITY WHOLE WHEAT ATTA
$11.99 817 BASMATI RICE
$5.99 SHER BESAN
$12.99 MEERA BESAN
$2.49 SAFFRON
$1.99 SURATI SNACKS
$6.99 GURU JI BADAM & KESHARIA THANDAI SYRUP
$4.29 KHALSA PANEER
$4.99 TEZ MUSTARD OIL
$24.99 NANAK DESI GHEE
$24.99 VERKA DESI GHEE
$1.49 HALDIRAM ALOO BHUJIA, KHATTA MEETHA, TASTY NUTS, MOONG DAL
$4.99 ALMONDS
$2.99 BAMBINO VERMICELLI
$1.49 HALDIRAM BHELPURI
$3.29 DABUR MUSTARD OIL
$3.99 BRITANNIA CAKE RUSK
$3.99 BRITANNIA MASKA CHASKA
2 FOR $1 BRITANNIA NICE TIME
$4.29 HALDIRAM PANI PURI
$4.49 VIDYA PANI PURI
$2.49 HALDIRAM SOAN PAPDI
$10.99 VERKA BROWN SUGAR
$8.99 RED LABEL INDIA
$8.99 TEA INDIA
$9.99 WAGHBAKRI TEA
$8.99 TAPAL DANEDAR TEA
$2.49 POPULAR SAMOSA/SPRING ROLLS
$3.29 POPULAR PARATHA
$3.49 THAKAR MATAR KULCHA
$5.49 HALDIRAM FAMILY PACK NAAN
$1.49 SANTOSH NAAN
$6.99 TASTY FROZEN PEAS
$1.49 AASHIRVAAD PARATHA
$0.69 BRITANNIA GOOD DAY COOKIES
$2.79 RUBICON ASST. JUICE
$1.79 FROOTI
$7.99 SAVERA RASMALAI
$5.99 NANAK GULAB JAMUN
$7.99 APNA TASTE RASMALAI
$5.99 APNA TASTE GULAB JAMUN
$7.99 POPULAR PARATHA
$3.99 AAP KI PASANAD SOYA TIKKA CHAAP
$3.99 AAP KI PASANAD SOYA CHAAP
$5.99 SAVERA KHOA
$3.29 HALDIRAM KHARI BOONDI
WE HAVE LARGE QUANTITY OF DIYA & DIWALI ITEMS
Variety of Indian Sweets Available
ETOBICOKE 10 Westmore Dr. 416-740-3262
MISSISSAUGA 1075 Ceremonial Dr. 905-502-1600
BRAMPTON 621 Wanless Dr. 905-495-3336
BRAMPTON 2120 N Park Dr. 905-793-1338
BRAMPTON 80 Pertosa Dr. 905-460-0009
BRAMPTON 40 Airport RD & Lacoste Blvd. 905-794-8109
BRAMPTON 10510 Torbram Rd. 905-790-0030
BRAMPTON 10 Pannahill Dr. 905-913-8017
TOLL FREE 1-800-708-9232
We reserve the right to limit the quantity. Prices subject to change without notice, while supplies last. Product images are for illustration purpose only. Design & Print by InfoTech Media


LOCAL & LONG DISTANCE MOVING
H.K. MOVERS
VANCOUVER - CALGARY - EDMONTON - WINNIPEG - TORONTO - OTTAWA - MONTREAL
CANADA'S MOVING COMPANY
WE MOVE COAST TO COAST WITHIN CANADA ,
WE DO INTERNATIONAL SHIPPING AND WE ALSO SHIP CARS
Best Business of 2023 ThreeBest Rated Excellence
Call: 416.524.6704
www.hkmovers.ca
2023 ThreeBest Rated Certificate of Excellence
SAFE, RELIABLE AND EFFICIENT SERVICE AT THE BEST RATES